Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 138 | Tuesday, July 13, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਸੰਯੁਕਤ ਕਿਸਾਨ ਮੋਰਚਾ 17 ਜੁਲਾਈ ਨੂੰ 'ਵੋਟਰ ਵਿਪ੍ਹ' ਜਾਰੀ ਕਰੇਗਾ : ਰਾਜੇਵਾਲ



ਨਵੀਂ ਦਿੱਲੀ, 12 ਜੁਲਾਈ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ 19 ਜੁਲਾਈ ਤੋਂ ਸ਼ੁਰੂ ਹੋ ਰਹੇ ਮਾਨਸੂਨ ਸੈਸ਼ਨ ਦੌਰਾਨ ਕਿਸਾਨਾਂ ਨੇ ਕੇਂਦਰ ਸਰਕਾਰ ਨੂੰ ਘੇਰਨ ਦਾ ਮਨ ਬਣਾ ਲਿਆ ਹੈ, ਜਿਸ ਬਾਰੇ ਕਿਸਾਨ ਮੋਰਚਾ ਵੋਟਰ ਵਿਪ੍ਹ ਜਾਰੀ ਕਰਕੇ ਸਾਰੀਆਂ ਸਿਆਸੀ ਪਾਰਟੀਆਂ ਦੇ ਪਾਰਲੀਮੈਂਟ ਮੈਂਬਰਾਂ ਨੂੰ ਹਦਾਇਤ ਕਰੇਗਾ ਕਿ ਪਾਰਲੀਮੈਂਟ ਦੀ ਕਾਰਵਾਈ ਵੇਲੇ ਉਹ ਕੇਂਦਰ ਸਰਕਾਰ ਉੱਤੇ ਕਿਸਾਨਾਂ ਦੇ ਹੱਕ ਵਿੱਚ ਫ਼ੈਸਲੇ ਕਰਨ ਦਾ ਦਬਾਅ ਬਣਾਉਣ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਅੱਜ ਏਥੇ ਐਲਾਨ ਕੀਤਾ ਕਿ ਕਿਸਾਨ ਮੋਰਚਾ ਇਸ 17 ਜੁਲਾਈ ਨੂੰ ਸਭ ਵਿਰੋਧੀ ਰਾਜਸੀ ਪਾਰਟੀਆਂ ਦੇ ਲੋਕ ਸਭਾ ਮੈਂਬਰਾਂ ਦੇ ਨਾਂਅ ਇਕ ਵੋਟਰ ਵਿਪ੍ਹ ਜਾਰੀ ਕਰੇਗਾ, ਜਿਸ ਵਿੱਚ ਉਨ੍ਹਾਂ ਨੂੰ ਕਿਹਾ ਜਾਵੇਗਾ ਕਿ ਸਾਡੀਆਂ ਵੋਟਾਂ ਲੈ ਕੇ ਤੁਸੀਂ ਪਾਰਲੀਮੈਂਟ ਮੈਂਬਰ ਬਣੇ ਹੋ ਤੇ 7 ਮਹੀਨਿਆਂ ਤੋਂ ਵੱਧ ਸਮੇਂ ਤੋਂ ਦਿੱਲੀ ਦੇ ਬਾਰਡਰਾਂ ਉੱਤੇ ਬੈਠੇ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਨਹੀਂ ਚੁੱਕੀ। ਉਨ੍ਹਾਂ ਕਿਹਾ ਕਿ ਇਸ ਵੋਟਰ ਵਿਪ੍ਹ ਵਿੱਚ ਚਿਤਾਵਨੀ ਦਿੱਤੀ ਜਾਵੇਗੀ ਕਿ ਜੇ ਅਜੇ ਵੀ ਤੁਹਾਡੀਆਂ ਪਾਰਟੀਆਂ ਜਾਂ ਤੁਸੀਂ ਕਿਸਾਨਾਂ ਦੇ ਹੱਕ ਲਈ ਪਾਰਲੀਮੈਂਟਵਿੱਚ ਆਵਾਜ਼ ਨਾ ਚੁੱਕੀ ਤਾਂ ਆਉਣ ਵਾਲੇ ਸਮੇਂ ਵਿੱਚ ਭਾਜਪਾ ਆਗੂਆਂ ਵਾਂਗ ਤੁਹਾਡਾ ਦਾ ਵੀ ਵਿਰੋਧ ਕੀਤਾ ਜਾਵੇਗਾ।

ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਲੋਕ ਸਭਾ ਮੈਂਬਰਾਂ ਨੂੰ ਹਦਾਇਤ ਕੀਤੀ ਜਾਵੇਗੀ ਕਿ ਉਹ ਪਾਰਲੀਮੈਂਟ ਦੇ ਸੈਸ਼ਨ ਦੌਰਾਨ ਸਰਕਾਰ ਉੱਤੇ ਕਿਸਾਨਾਂ ਦੀਆਂ ਮੰਗਾਂ ਮੰਨਣ ਦਾ ਦਬਾਅ ਪਾਉਣ ਤੇ ਉਦੋਂ ਤੱਕ ਹਾਊਸ ਦੀ ਕਾਰਵਾਈ ਨਾ ਚੱਲਣ ਦੇਣ, ਜਦੋਂ ਤਕ ਸਰਕਾਰ ਉਨ੍ਹਾਂ ਨੂੰ ਕਿਸਾਨਾਂ ਦੀਆਂ ਮੰਗਾਂ ਦਾ ਭਰੋਸਾ ਨਹੀਂ ਦਿੰਦੀ।ਉਨ੍ਹਾਂ ਕਿਹਾ ਕਿ ਵਿਰੋਧ ਕਰਨ ਉੱਤੇਜੇ ਹਾਊਸ ਵਿੱਚੋਂ ਸਸਪੈਂਡ ਕੀਤਾ ਜਾਂਦਾ ਹੈ ਤਾਂ ਫਿਰ ਜਾ ਕੇ ਸਰਕਾਰ ਦਾ ਵਿਰੋਧ ਕਰਨ। ਰਾਜੇਵਾਲ ਨੇ ਸਾਫ ਕਿਹਾ ਕਿ ਵੋਟਰ ਵਿਪ੍ਹ ਵਿੱਚਪਾਰਲੀਮੈਂਟ ਮੈਂਬਰਾਂ ਨੂੰ ਕਿਹਾ ਜਾਵੇਗਾ ਕਿ ਉਹ ਸੈਸ਼ਨ ਦਾ ਵਾਕ-ਆਊਟ ਨਾ ਕਰਨ, ਕਿਉਂਕਿ ਇਸ ਤਰ੍ਹਾਂ ਸਰਕਾਰ ਨੂੰ ਆਪਣੀਆਂ ਨੀਤੀਆਂ ਲਾਗੂ ਕਰਨ ਦਾ ਖੁੱਲ੍ਹਾ ਮੌਕਾ ਮਿਲ ਜਾਂਦਾ ਹੈ।

ਇਸ ਦੌਰਾਨ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਅੱਜ ਸੋਮਵਾਰ ਨੂੰ ਕਿਹਾ ਕਿ 19 ਜੁਲਾਈ ਤੋਂ ਸ਼ੁਰੂ ਹੋ ਰਹੇ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੌਰਾਨ ਕੋਰੋਨਾ ਵਾਇਰਸ ਦੇ ਸਾਰੇ ਪ੍ਰੋਟੋਕਾਲ ਦਾ ਪਾਲਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮੈਂਬਰਾਂ ਦਾ ਕੋਰੋਨਾ ਵਾਇਰਸ ਰੋਕੂ ਟੀਕਾਕਰਨ ਨਹੀਂ ਹੋਇਆ, ਉਨ੍ਹਾਂ ਨੂੰ ਸੈਸ਼ਨ ਮੌਕੇਪਾਰਲੀਮੈਂਟ ਕੰਪਲੈਕਸ ਵਿੱਚ ਜਾਣ ਤੋਂ ਪਹਿਲਾਂ ਆਰ ਟੀ-ਪੀ ਸੀ ਆਰ ਜਾਂਚ ਕਰਵਾਉਣ ਲਈ ਕਿਹਾ ਜਾਵੇਗਾ। ਪਾਰਲੀਮੈਂਟ ਭਵਨ ਕੰਪਲੈਕਸ ਵਿੱਚ ਪੱਤਰਕਾਰਾਂਨਾਲ ਗੱਲਬਾਤ ਦੌਰਾਨਸਪੀਕਰ ਓਮ ਬਿਰਲਾ ਨੇ ਕਿਹਾ ਕਿ 323 ਪਾਰਲੀਮੈਂਟ ਮੈਂਬਰਾਂ ਦਾ ਕੋਰੋਨਾ ਰੋਕੂ ਟੀਕਾਕਰਨ ਹੋ ਚੁੱਕਾ ਹੈ, 23 ਪਾਰਲੀਮੈਂਟ ਮੈਂਬਰ ਕੁਝ ਮੈਡੀਕਲ ਕਾਰਨਾਂ ਕਰ ਕੇ ਟੀਕੇ ਦੀ ਪਹਿਲੀ ਖ਼ੁਰਾਕ ਵੀ ਨਹੀਂ ਲੈ ਸਕੇ।ਉਨ੍ਹਾ ਕਿਹਾ ਕਿ ਦੋਵਾਂ ਸਦਨਾਂ ਦੀ ਬੈਠਕ 11 ਵਜੇ ਇਕੱਠੀ ਸ਼ੁਰੂ ਹੋਵੇਗੀ।ਪਾਰਲੀਮੈਂਟ ਦਾ ਮਾਨਸੂਨ ਸੈਸ਼ਨ 19 ਜੁਲਾਈ ਤੋਂ 13 ਅਗਸਤ ਤੱਕ ਚਲੇਗਾ।

## ਕਾਂਗਰਸ ਵਿਧਾਇਕ ਰਾਜਾ ਵੜਿੰਗ ਤੇ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਦਾ ਨਵਾਂ ਆਢਾ ਲੱਗਾ

### * ਰਾਜਾ ਵੜਿੰਗ ਵੱਲੋਂ ਮਨਪ੍ਰੀਤ ਬਾਦਲ ਦੇ ਖ਼ਿਲਾਫ਼ ਗੰਭੀਰ ਦੋਸ਼



ਚੰਡੀਗੜ੍ਹ, 12 ਜੁਲਾਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਦਾ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਵਾਲਾ ਮੁੱਦਾ ਕਿਸੇ ਪਾਸੇ ਨਹੀਂ ਲੱਗਾ ਕਿ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਝਗੜਾ ਵਧ ਗਿਆ ਹੇ।

ਭਾਰਤੀ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਗਿੱਦੜਬਾਹਾ ਤੋਂ ਕਾਂਗਰਸ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਉੱਤੇ ਗੰਭੀਰ ਦੋਸ਼ ਲਾਏ ਤੇ ਉਨ੍ਹਾਂ ਨੂੰ ਅਕਾਲੀ ਦਲ ਦੇ ਲੀਡਰਾਂ ਨਾਲ ਮਿ-ਲਿਆ ਦੱਸਣ ਦਾ ਯਤਨ ਕੀਤਾ। ਮਨਪ੍ਰੀਤ ਸਿੰਘ ਬਾਦਲ ਉੱਤੇ ਅਕਾਲੀ ਆਗੂਆਂ ਨੂੰ 15-15 ਲੱਖ ਰੁਪਏ ਦੇ ਚੈੱਕ ਦੇਣ ਦਾ ਦੋਸ਼ ਲਾ ਕੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਇਹ (ਅਕਾਲੀ ਆਗੂ) ਤੁਹਾਡੇ ਤਾਇਆ ਜੀ ਦੇ ਉਹੀ ਅਕਾਲੀ ਹਨ, ਜਿਨ੍ਹਾਂ ਨੂੰ ਛੱਡ ਕੇ ਤੁਸੀਂ ਕਾਂਗਰਸ ਵਿਚ ਆਏ ਸੀ। ਇਸ ਦੇ ਬਾਅਦ ਰਾਜਾ ਵੜਿੰਗ ਨੇ ਕਿਹਾ ਕਿ 'ਮਨਪ੍ਰੀਤ ਸਿੰਘ ਜੀ, ਕਾਂਗਰਸ ਨੇ ਤੁਹਾਨੂੰ ਸਭ ਕੁਝ ਦਿੱਤਾ ਹੈ, ਪਾਰਟੀ ਦੀ ਪਿੱਠ ਵਿਚ ਛੁਰਾ ਕਿਉਂ ਮਾਰਦੇ ਹੋ।' ਉਨ੍ਹਾਂ ਨੇ ਮਨਪ੍ਰੀਤ ਬਾਦਲ ਨੂੰ ਕਿਹਾ ਕਿ ਕਾਂਗਰਸ ਵਿਚ ਰਹਿ ਕੇ ਅਕਾਲੀਆਂ ਦੀ ਮਦਦ ਕਰਨਾ ਤੁਹਾਡਾ ਸਿਆਸੀ ਜੀਵਨ ਤਬਾਹ ਕਰ ਦੇਵੇਗਾ। ਉਨ੍ਹਾਂ ਨੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਮਨਪ੍ਰੀਤ ਸਿੰਘ ਬਾਦਲ ਤੋਂ ਬਚਣ ਦੀ ਸਲਾਹ ਵੀ ਦਿੱਤੀ ਹੈ।

ਇਸ ਮੌਕੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅਕਾਲੀ ਆਗੂ, ਜਿਹੜਾ ਅਬਲੂ ਕੋਟਲੀ ਜ਼ੋਨ ਦਾ ਅਕਾਲੀ ਦਲ ਦਾ ਇੰਚਾਰਜ ਹੈ, ਨੂੰ ਚੈੱਕ ਦੇ ਰਹੇ ਮਨਪ੍ਰੀਤ ਸਿੰਘ ਬਾਦਲ ਦੀ ਫੋਟੋ ਦੇ ਨਾਲ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਨਾਲ ਉਸੇ ਆਗੂ ਦੀਆਂ ਫੋਟੋ ਸ਼ੇਅਰ ਕੀਤੀਆਂ ਹਨ। ਵੜਿੰਗ ਦੀ ਇਹ ਪੋਸਟ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ੇਅਰ ਕਰ ਕੇ ਕੁਮੈਂਟ ਕੀਤੇ ਹਨ। ਇਕ ਵਿਅਕਤੀ ਨੇ ਏਥੋਂ ਤਕ ਲਿਖ ਦਿੱਤਾ ਹੈ ਕਿ ਮਨਪ੍ਰੀਤ ਸਿੰਘ ਇੱਕ ਸਾਜ਼ਿਸ ਅਧੀਨ ਕਾਂਗਰਸ ਨੂੰ ਖ਼ਤਮ ਕਰਨ ਲਈ ਇਸ ਵਿੱਚਸ਼ਾਮਲ ਹੋਏ ਹਨ।ਰਾਜਾ ਵੜਿੰਗ ਨੇ ਲਿਖਿਆ ਹੈ ਕਿ ਵਿੱਤ ਮੰਤਰੀ ਵਜੋਂਪਿਛਲੇ ਚਾਰ ਸਾਲਾਂ ਦੇ ਤੁਹਾਡੇ ਕੰਮਾਂ ਨੇ ਹਰ ਵਰਗ ਨੂੰ ਕਾਂਗਰਸ ਸਰਕਾਰ ਦੇ ਵਿਰੁੱਧ ਧਰਨੇ ਮੁਜ਼ਾਹਰੇ ਕਰਨ ਲਈ ਮਜਬੂਰ ਕਰ ਦਿੱਤਾ ਹੈ। ਕੱਲ੍ਹ ਤੁਹਾਡੇ ਹਲਕੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਮੁਲਾਜ਼ਮ ਵਿਰੋਧ ਕਰਕੇ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੂੰ ਤੁਹਾਡੀ 75-25 ਵਾਲੀ ਖੇਡ ਸਮਝ ਆਉਣ ਲੱਗ ਪਈ ਹੈ। ਸਭ ਨੂੰ ਪਤਾ ਹੈ ਕਿ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਇਹ ਦੋਸ਼ ਲਗਾਤਾਰ ਲਾ ਰਹੇ ਹਨ ਕਿ ਕੁਝ ਕਾਂਗਰਸੀ ਆਗੂਆਂ ਤੇ ਬਾਦਲ ਪਰਵਾਰ ਵਿਚਾਲੇ 75-25 ਵਾਲੀ ਅੰਦਰ-ਖਾਤੇ ਦੀ ਸਾਂਝ ਚੱਲ ਰਹੀ ਹੈ।

ਲਗਾਤਾਰ ਦੂਸਰੀ ਵਾਰ ਗਿੱਦੜਬਾਹਾ ਹਲਕੇ ਤੋਂ ਵਿਧਾਇਕ ਬਣੇ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਮਨਪ੍ਰੀਤ ਸਿੰਘ ਬਾਦਲ ਸਿਆਸੀ ਵਿਰੋਧੀ ਹਨ, ਕਿਉਂਕਿ ਪਹਿਲਾਂ ਚਾਰ ਵਾਰ ਮਨਪ੍ਰੀਤ ਸਿੰਘ ਬਾਦਲ ਗਿੱਦੜਬਾਹਾ ਤੋਂ ਵਿਧਾਇਕ ਚੁਣੇ ਗਏ ਸਨ। ਰਾਜਾ ਵੜਿੰਗ ਤੋਂ ਪਹਿਲਾਂ ਕਾਂਗਰਸ ਵੱਲੋਂ ਬਠਿੰਡਾ ਦਿਹਾਤੀ ਦੇ ਹਲਕਾ ਇੰਚਾਰਜ ਨੇ ਵੀ ਮਨਪ੍ਰੀਤ ਸਿੰਘ ਬਾਦਲ ਉੱਤੇ ਗੰਭੀਰ ਦੋਸ਼ ਲਾਏ ਸਨ ਅਤੇ ਬਠਿੰਡਾ ਤੋਂ ਚੰਡੀਗੜ੍ਹ ਮੁੱਖ ਮੰਤਰੀ ਨੂੰ ਫ਼ਰਿਆਦ ਕਰਨ ਪੁੱਜੇ ਤਾਂ ਮੁੱਖ ਮੰਤਰੀ ਦੇ ਓਐੱਸਡੀ ਅਤੇ ਸਲਾਹਕਾਰਾਂ ਨੇ ਦੋਵਾਂ ਦਾ ਸਮਝੌਤਾ ਕਰਵਾਉਣ ਦਾ ਭਰੋਸਾ ਦਿੱਤਾ ਸੀ। ਕਾਂਗਰਸ ਦੇ ਅੰਦਰ ਬਗ਼ਾਵਤ ਦੀ ਅੱਗ ਧੁਖਦੀ ਹੋਣ ਦੌਰਾਨ ਰਾਜਾ ਵੜਿੰਗ ਵੱਲੋਂ ਮਨਪ੍ਰੀਤ ਸਿੰਘ ਬਾਦਲ ਦੇ ਖ਼ਿਲਾਫ਼ ਅਕਾਲੀ ਆਗੂਆਂ ਨੂੰ ਗਰਾਂਟ ਦੇਣ ਦੇ ਦੋਸ਼ ਹੋਰ ਵੀ ਮੁੱਦਾ ਵਿਗਾੜ ਸਕਦੇ ਹਨ ਅਤੇ ਇਸ ਨਾਲ ਕਾਂਗਰਸ ਦੇ ਵਿਰੋਧੀਆਂ ਨੂੰ ਨਵਾਂ ਮੁੱਦਾ ਮਿਲ ਗਿਆ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

## ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਬੈਂਸ 'ਤੇ ਬਲਾਤਕਾਰ ਦਾ ਕੇਸ ਦਰਜ



ਲੁਧਿਆਣਾ, 12 ਜੁਲਾਈ, (ਪੋਸਟ ਬਿਊਰੋ)- ਲੋਕ ਇਨਸਾਫ਼ ਪਾਰਟੀ ਦੇ ਮੁਖੀ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਉੱਤੇ ਲੁਧਿਆਣਾ ਵਿਚ ਬਲਾਤਕਾਰ ਦਾ ਕੇਸ ਦਰਜ ਕੀਤਾ ਗਿਆ ਹੈ, ਜਿਸ ਵਿੱਚ ਵਿਧਾਇਕ ਸਿਮਰਜੀਤ ਬੈਂਸ ਸਮੇਤ 7 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਅਜੇ ਵਿਧਾਇਕ ਸਿਮਰਜੀਤ ਬੈਂਸ ਦੀ ਗ੍ਰਿਫ਼ਤਾਰੀ ਨਹੀਂ ਹੋਈ।

ਵਰਨਣ ਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਇਕ ਔਰਤ ਨੇ ਸਿਮਰਜੀਤ ਬੈਂਸ ਉਤੇ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਲਾਏ ਸਨ। ਇਸ ਬਾਰੇ ਲੁਧਿਆਣਾ ਦੀ ਅਦਾਲਤ ਨੇ ਲੁਧਿਆਣਾ ਪੁਲਸ ਕਮਿਸ਼ਨਰ ਨੂੰਸਿਮਰਜੀਤ ਸਿੰਘ ਬੈਂਸ ਉੱਤੇ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਸਨ। ਅਦਾਲਤੀ ਹੁਕਮਾਂ ਉੱਤੇ ਪੁਲਸ ਨੇ ਅੱਜ ਇਹ ਕੇਸ ਦਰਜ ਕਰ ਲਿਆ ਹੈ। ਲੁਧਿਆਣਾ ਦੀ ਇੱਕ 45 ਸਾਲਾ ਔਰਤ ਨੇ ਇਹ ਦੋਸ਼ ਲਾਏ ਸਨ ਕਿ ਨਾ ਸਿਰਫ ਬੈਂਸ ਨੇ ਉਸ ਨਾਲ ਬਲਾਤਕਾਰ ਕੀਤਾ, ਸਗੋਂ ਉਸਨੂੰ ਧਮਕੀ ਵੀ ਦਿੱਤੀ ਸੀ ਕਿ ਜੇ ਉਸਨੇ ਪੁਲਸ ਨੂੰ ਸ਼ਿਕਾਇਤ ਕੀਤੀ ਤਾਂ ਉਸ ਦੇ ਦੋਵਾਂ ਪੁੱਤਰਾਂ ਦਾ ਨੁਕਸਾਨ ਕੀਤਾ ਜਾਵੇਗਾ। ਉਸ ਔਰਤ ਵੱਲੋਂ ਕਾਫ਼ੀ ਕੋਸ਼ਿਸ਼ ਕਰਨ ਤੋਂ ਬਾਅਦ ਵੀ ਜਦ ਬੈਂਸ ਖ਼ਿਲਾਫ਼ ਕੋਈ ਕਾਰਵਾਈ ਨਾ ਹੋਈ ਤਾਂ ਉਸਨੇ ਆਪਣੇ ਵਕੀਲ ਹਰੀਸ਼ ਰਾਏ ਢਾਂਡਾ ਰਾਹੀਂ ਅਦਾਲਤ ਵਿੱਚ ਕੇਸ ਦਾਇਰ ਕੀਤਾ ਸੀ।

## ਨੇਪਾਲ ਵਿੱਚ ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਓਲੀ ਨੂੰ ਹਟਾਇਆ

### * ਸ਼ੇਰ ਬਹਾਦੁਰ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਆਦੇਸ਼ ਜਾਰੀ



ਕਾਠਮੰਡੂ, 12 ਜੁਲਾਈ, (ਪੋਸਟ ਬਿਊਰੋ)- ਨੇਪਾਲ ਦੀ ਸੁਪਰੀਮ ਕੋਰਟ ਨੇ ਅੱਜ ਅੰਤਰਿਮ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੂੰ ਵੱਡਾ ਝਟਕਾ ਦੇਂਦਿਆਂ ਕੁਰਸੀ ਛੱਡਣ ਲਈ ਕਹਿ ਦਿੱਤਾ ਹੈ। ਸੁਪਰੀਮ ਕੋਰਟ ਨੇ ਆਦੇਸ਼ ਦਿੱਤਾਕਿ ਅਗਲੇ 48 ਘੰਟਿਆਂ ਵਿਚ ਵਿਰੋਧੀ ਪਾਰਟੀਆਂ ਦਾ ਸਾਂਝਾ ਆਗੂ ਸ਼ੇਰ ਬਹਾਦੁਰ ਦੇਉਬਾ ਪ੍ਰਧਾਨ ਮੰਤਰੀ ਬਣਾ ਦਿੱਤਾ ਜਾਵੇ। ਇਹ ਹੁਕਮ ਉਦੋਂ ਆਇਆ ਹੈ, ਜਦੋਂ ਨੇਪਾਲ ਵਿਚ ਪਿਛਲੇ ਲੰਬੇਂ ਸਮੇਂ ਤੋਂ ਰਾਜਨੀਤਕ ਸੰਕਟ ਹੈ। ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੀ ਅਗਵਾਈ ਹੇਠਲੀ ਇਸ ਸਰਕਾਰ ਨੇ ਬੀਤੇ ਪੰਜ ਮਹੀਨਿਆਂ ਵਿਚ ਦੂਸਰੀ ਵਾਰ ਪਾਰਲੀਮੈਂਟ ਵਿਚ ਬਹੁਮਤ ਦੀ ਗਿਣਤੀ ਵਿੱਚ ਹਾਰ ਖਾਧੀ ਹੈ। ...ਬਾਕੀ ਪੰਨਾ 3 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਨੇਪਾਲ ਵਿੱਚ ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਓਲੀ ਨੂੰ ਹਟਾਇਆ

...ਪੰਨਾ 1 ਦਾ ਬਾਕੀ

ਇਸ ਪਿੱਛੋਂ ਵਿਚ ਅੱਜ ਸੋਮਵਾਰ ਸੁਪਰੀਮ ਕੋਰਟ ਨੇ ਨਵੀਂ ਸਰਕਾਰ ਬਣਾਉਣ ਲਈ ਕਿਹਾ ਹੈ। ਨੇਪਾਲੀ ਸੁਪਰੀਮ ਕੋਰਟ ਦੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਹੁਕਮਦਿੱਤਾ ਹੈ ਕਿ 28 ਘੰਟੇ ਅੰਦਰ ਨੇਪਾਲੀ ਕਾਂਗਰਸ ਦੇ ਮੁਖੀ ਸ਼ੇਰ ਬਹਾਦੁਰ ਦੇਉਬਾ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ ਜਾਵੇ।


ਵਰਣਨ ਯੋਗ ਹੈ ਕਿ ਨੇਪਾਲ ਦੀ ਰਾਸ਼ਟਰਪਤੀ ਵਿਦਿਆ ਦੇਵੀ ਭੰਡਾਰੀ ਨੇ ਮਈ ਵਿਚ 275 ਮੈਂਬਰੀ ਪਾਰਲੀਮੈਂਟ ਭੰਗ ਕਰ ਕੇ ਨਵੰਬਰ ਵਿਚ ਚੋਣਾਂ ਦਾ ਐਲਾਨ ਕੀਤਾ ਅਤੇ ਕੇ ਪੀ ਸ਼ਰਮਾ ਓਲੀ ਨੂੰ ਅੰਤ੍ਰਿਮ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਸੀ।ਅੱਜ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਦਾਪਾਰਲੀਮੈਂਟ ਨੂੰ ਭੰਗ ਕਰਨ ਦੇ ਫ਼ੈਸਲਾ ਪਲਟ ਦਿੱਤਾ ਹੈ। ਰਾਸ਼ਟਰਪਤੀ ਦੇ ਇਸ ਫ਼ੈਸਲੇ ਖਿਲਾਫ ਸੁਪਰੀਮ ਕੋਰਟ ਵਿਚ ਕਈ ਪਟੀਸ਼ਨਾਂ ਦਾਇਰ ਹੋਈਆਂ ਸਨ।ਵਿਰੋਧੀ ਦਲਾਂ ਵੱਲੋਂ ਦਾਇਰ ਕਰੀਬ 30 ਤੋਂ ਵੱਧ ਪਟੀਸ਼ਨਾਂ ਵਿਚ ਰਾਸ਼ਟਰਪਤੀ ਦੇ ਆਦੇਸ਼ ਨੂੰ ਗਲਤ ਕਿਹਾ ਗਿਆ ਅਤੇ ਸੁਪਰੀਮ ਕੋਰਟ ਸਾਹਮਣੇ ਮੰਗ ਰੱਖੀ ਗਈ ਸੀ ਕਿ ਨੇਪਾਲੀ ਕਾਂਗਰਸ ਦੇ ਪ੍ਰਧਾਨ ਸ਼ੇਰ ਬਹਾਦੁਰ ਦੇਉਬਾ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾਵੇ। ਕਰੀਬ 150 ਪਾਰਲੀਮੈਂਟ ਮੈਂਬਰ ਨੇ ਇਸ ਦੇ ਪੱਖ ਵਿਚ ਦਸਤਖ਼ਤ ਕੀਤੇ ਸਨ।

# ਤਾਲਿਬਾਨ ਨੇ ਪਾਕਿ ਨੂੰ ਘੂਰਿਆ, 'ਇਮਰਾਨ ਦੀ ਸਰਕਾਰ ਸਾਨੂੰ ਹੁਕਮ ਨਹੀਂ ਚਾੜ੍ਹ ਸਕਦੀ'

ਕੰਧਾਰ, 12 ਜੁਲਾਈ, (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚੋਂ ਅਮਰੀਕਾ ਅਤੇ ਨਾਟੋ ਫ਼ੌਜੀਆਂ ਦੀ ਵਾਪਸੀ ਹੋਣ ਵੇਲੇ ਜਦੋਂ ਤਾਲਿਬਾਨ ਅਫ਼ਗ਼ਾਨਿਸਤਾਨ ਉੱਤੇ ਕਬਜ਼ਾ ਕਰਨਾ ਚਾਹੁੰਦਾ ਹੈ, ਇਸ ਮੌਕੇ ਤਾਲਿਬਾਨ ਉੱਤੇਪਾਕਿਸਤਾਨ ਆਪਣਾ ਗਲਬਾ ਰੱਖਣਾ ਚਾਹੁੰਦਾ ਹੈ, ਜਿਸ ਉੱਤੇ ਤਾਲਿਬਾਨੀ ਲੀਡਰਸ਼ਿਪ ਨੇ ਸਖ਼ਤ ਇਤਰਾਜ਼ ਕੀਤਾ ਹੈ।

ਤਾਲਿਬਾਨ ਦੇ ਬੁਲਾਰੇ ਸੁਹੈਲ ਸ਼ਾਹੀਨ ਨੇ ਅੱਜ ਪਾਕਿਸਤਾਨ ਸਰਕਾਰ ਨੂੰ ਸਖ਼ਤ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਗੱਲਬਾਤ ਰਾਹੀਂਅਫ਼ਗ਼ਾਨਿਸਤਾਨ ਵਿੱਚ ਤਾਲਿਬਾਨ ਦੀ ਸਮਝੌਤਾ ਕਰਨਵਿੱਚ ਮਦਦ ਲਈ ਤਾਂ ਪਾਕਿਸਤਾਨ ਦਾ ਸਵਾਗਤ ਹੈ, ਪਰ ਜੇ ਪਾਕਿਸਤਾਨ ਸਾਡੇ ਉੱਤੇ ਹੁਕਮ ਚਲਾਉਣ ਜਾਂ ਆਪਣੇ ਵਿਚਾਰ ਥੋਪਣ ਦਾ ਯਤਨ ਕਰੇ ਤਾਂ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਤਾਲਿਬਾਨ ਬੁਲਾਰੇ ਨੇ ਇਹ ਗੱਲ ਪਾਕਿਸਤਾਨ ਦੇ ਜੀਓ ਨਿਊਜ਼ ਦੇ ਪ੍ਰੋਗਰਾਮ 'ਜਿਰਗਾ'ਵਿੱਚ ਇਕ ਇੰਟਰਵਿਊ ਦੌਰਾਨ ਕਹੀ ਅਤੇ ਦਾਅਵਾ ਕੀਤਾ ਕਿ ਇਸ ਨੇ ਅਫ਼ਗ਼ਾਨਿਸਤਾਨ ਦੇ 85 ਫ਼ੀਸਦੀ ਹਿੱਸੇ ਉੱਤੇ ਕਬਜ਼ਾ ਕਰ ਲਿਆ ਹੈ, ਜਿਸ ਨਾਲ ਪਾਕਿਸਤਾਨ ਨੇ ਅਫ਼ਗ਼ਾਨਿਸਤਾਨ ਨਾਲ ਲੱਗਦੇ ਬਾਰਡਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਤੇ ਨਿਗਰਾਨੀ ਵਧਾ ਦਿੱਤੀ ਹੈ। ਪਾਕਿ-ਸਤਾਨ ਨਾਲ ਅਫ਼ਗ਼ਾਨ ਤਾਲਿਬਾਨ ਦੇ ਸਬੰਧ ਬਾਰੇ ਸਵਾਲ, ਖ਼ਾਸ ਤੌਰ ਉੱਤੇ ਉਨ੍ਹਾਂ ਰਿਪੋਰਟਾਂ ਬਾਰੇ ਕਿ ਤਾਲਿਬਾਨ ਪਾਕਿਸਤਾਨ ਨੂੰ ਸੁਣਨ ਲਈ ਤਿਆਰ ਨਹੀਂ, ਬਾਰੇਸੁਹੈਲ ਸ਼ਾਹੀਨ ਨੇ ਕਿਹਾ, 'ਅਸੀਂ ਭਾਈਚਾਰਕ ਸਬੰਧ ਚਾਹੁੰਦੇ ਹਾਂ।ਪਾਕਿਸਤਾਨ ਸਾਡਾ ਗੁਆਂਢੀ ਹੋਣ ਦੇ ਨਾਲ ਇਸਲਾਮਿਕ ਦੇਸ਼ ਹੈ ਤੇ ਸਾਡੀਆਂ ਸਾਂਝੀਆਂ ਕਰਦਾਂ-ਕੀਮਤਾਂ ਹਨ, ਜਿਸਵਿੱਚ ਇਤਿਹਾਸਕ, ਧਾਰਮਿਕ ਤੇ ਸੱਭਿਆਚਾਰਕ ਮੁੱਦੇ ਵੀ ਹਨ। ਇਸ ਲਈ ਪਾਕਿਸਤਾਨਅਮਨ ਲਈ ਸਾਡੀ ਮਦਦ ਕਰ ਸਕਦਾ ਹੈ, ਪਰਸਾਡੇ ਉੱਤੇ ਹੁਕਮ ਕਦੀ ਨਹੀਂ ਚਲਾ ਸਕਦਾ, ਕਿਉਂਕਿ ਇਹ ਕੌਮਾਂਤਰੀ ਸਿਧਾਂਤਾਂ ਦੇ ਖਿਲਾਫ ਹੈ।'

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca


ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor




For More Details Call: 416-970-5005/647-242-8667


Jas Toor
Sales Repersentative
Sutton
Sutton Group-Realty Experts
Brokerage*
Jagdish Grewal
Sales Repersentative
Century 21
President Realty Inc.
Brokerage*


## ਅੱਜ ਨਾਮਾ

ਮਸਾਂ ਪਈਆਂ ਪੰਜਾਬ ਵਿੱਚ ਚਾਰ ਛਿੱਟਾਂ,
ਨਾਲ ਇਨ੍ਹਾਂ ਦੇ ਵਧ ਗਿਆ ਸਾੜ ਮੀਆਂ।
ਜਿੰਨੀ ਦੱਬੀ ਭੜਾਸ ਸੀ ਧਰਤ ਅੰਦਰ,
ਉੱਠੀ ਧਰਤ ਨੂੰ ਉਹ ਸੀ ਪਾੜ ਮੀਆਂ।
ਨਵੀਂ ਪੀੜ੍ਹੀ ਨੂੰ ਮੌਸਮ ਨਾ ਸਮਝ ਪੈਂਦਾ,
ਇਹ ਨਾ ਜਾਣਦੀ ਜੇਠ ਜਾਂ ਹਾੜ ਮੀਆਂ।
ਮਿੰਟ ਪੰਜ ਨਹੀਂ ਪੱਖੇ ਦੇ ਹੇਠ ਟਿਕਦੀ,
ਲੱਭਦੀ ਏ ਸੀ ਦਾ ਝੱਟ ਜੁਗਾੜ ਮੀਆਂ।
ਕਦੀ ਨਾ ਸੋਚਿਆ ਅੱਜ ਦੇ ਕਾਕਿਆਂ ਨੇ,
ਕੀ ਸੀ ਦਾਦੇ ਜਾਂ ਬਾਬੇ ਦਾ ਹਾਲ ਮੀਆਂ।
ਇਹ ਤਾਂ ਆਪਣੇ ਨਿੱਜ ਲਈ ਸੋਚਦੇ ਨੇ,
ਮਤਲਬ ਕੋਈ ਨਾ ਹੋਰਨਾਂ ਨਾਲ ਮੀਆਂ।

**ਤੀਸ ਮਾਰ ਖਾਂ**

# ਕਾਬੁਲ ਹਵਾਈ ਅੱਡੇ ਦੀ ਸੁਰੱਖਿਆ ਤੁਰਕੀ ਨੂੰ ਸੌਂਪੀ ਜਾਣ ਲੱਗੀ

### * ਤਾਲਿਬਾਨ ਵੱਲੋਂ ਤੁਰਕੀ ਦੇ ਕੰਟਰੋਲ ਦਾ ਵਿਰੋਧ

ਕਾਬੁਲ, 12 ਜੁਲਾਈ, (ਪੋਸਟ ਬਿਊਰੋ)- ਅਫਗਾਨਿਸਾਨ ਉੱਤੇ ਕਬਜ਼ਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਖੜੇ ਤਾਲਿਬਾਨ ਨੇ ਅਮਰੀਕਾ ਤੇ ਤੁਰਕੀ ਵਿਚਾਲੇ ਕਾਬੁਲਦੇ ਹਾਮਿਦ ਕਰਜ਼ਈ ਅੰਤਰਰਾਸ਼ਟਰੀ ਹਵਾਈ ਅੱਡੇ ਦੀ ਸੁਰੱਖਿਆਦੇ ਕੰਟਰੋਲ ਵਾਸਤੇ ਕੀਤੇ ਗਏ ਸਮਝੌਤੇ ਉੱਤੇ ਆਪਣਾ ਵਿਰੋਧ ਜ਼ਾਹਿਰ ਕੀਤਾ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਅਤੇ ਉੱਤਰੀ ਐਟਲਾਂਟਿਕ ਸੰਧੀ ਸੰਗਠਨ (ਨਾਟੋ) ਦੀਆਂ ਫੋਰਸਾਂ ਨੂੰ 31 ਅਗਸਤ ਤਕ ਡ੍ਰਾਅ-ਡਾਊਨ ਪੂਰਾ ਕਰਨ ਅਤੇ ਆਪਣੀ ਪੂਰੀ ਫੌਜ ਅਫਗਾਨਿਸਤਾਨ ਵਿੱਚੋਂ ਕੱਢ ਲੈਣ ਦੀ ਉਮੀਦ ਹੈ।ਇਸ ਦੌਰਾਨ ਤੁਰਕੀ ਦੇ ਰਾਸ਼ਟਰਪਤੀ ਰੈਸੇਪ ਤਈਪ ਅਰਦੋਗਾਨ ਨੇ ਕਿਹਾ ਹੈ ਕਿ ਕਾਬੁਲ ਹਵਾਈ ਅੱਡੇ ਦੀ ਸੁਰੱਖਿਆਬਾਰੇ ਸਮਝੌਤੇ ਉੱਤੇ ਸਹਿਮਤੀ ਹੋ ਗਈ ਹੈ। ਬੀਤੇ ਸ਼ਨੀਵਾਰ ਤੁਰਕੀ ਦੇ ਰਾਸ਼ਟਰਪਤੀ ਨੇ ਇਸ ਸਮਝੌਤੇ ਦਾ ਐਲਾਨ ਕੀਤਾ ਤੇ ਕਿਹਾ ਸੀ ਕਿ 'ਸਾਡੇ ਰੱਖਿਆ ਮੰਤਰੀ ਤੇ ਅਮਰੀਕੀ ਰੱਖਿਆਸੈਕਟਰੀ ਨਾਲ ਬੈਠਕਵਿੱਚ ਹਾਮਿਦ ਕਰਜ਼ਈ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਭਵਿੱਖ ਉੱਤੇ ਚਰਚਾ ਦੇ ਬਾਅਦ ਅਸੀਂ ਤੈਅ ਕੀਤਾ ਕਿ ਅਸੀਂ ਇਸ ਬਾਰੇ ਕੀ ਮੰਨਦੇ ਹਾਂ ਅਤੇ ਕਿਹੜੀਆਂ ਸ਼ਰਤਾਂ ਉੱਤੇ ਅਸੀਂ ਇਸ ਹਵਾਈ ਅੱਡੇ ਦਾ ਕੰਟਰੋਲ ਲੈਣ ਲਈ ਸਹਿਮਤ ਨਹੀਂ ਹਾਂ।'

ਅਫਗਾਨਿਸਤਾਨ ਦੀ ਸਰਕਾਰ ਨੇ ਤੁਰਕੀ ਅਤੇ ਅਮਰੀਕਾ ਦੇ ਇਸ ਕਦਮ ਦਾ ਸੁਆਗਤ ਕੀਤਾ ਹੈ। ਇਸ ਸੰਬੰਧ ਵਿੱਚ ਅਫਗਾਨਰੱਖਿਆ ਮਤਰਾਲੇ ਦੇ ਬੁਲਾਰੇ ਰੋਹਉਲਾਹ ਅਹਿਮਦਜ਼ਈ ਨੇ ਕਿਹਾ, 'ਅਸੀਂ ਹਵਾਈ ਅੱਡੇ ਦੇ ਕੰਟਰੋਲ ਦੀ ਸਮਰੱਥਾ ਤੇ ਪ੍ਰਬੰਧ ਨੂੰ ਮਜ਼ਬੂਤ ਕਰਨਵਿੱਚ ਉਨ੍ਹਾਂ ਦੇ ਸਹਿਯੋਗ ਲਈ ਮਿੱਤਰ ਦੇਸ਼ਾਂ ਦਾ ਸੁਆਗਤ ਕਰਦੇ ਹਾਂ।'

ਦੂਸਰੇ ਪਾਸੇ ਟੋਲੋਨਿਊਜ਼ ਦੀ ਰਿਪੋਰਟ ਮੁਤਾਬਕ ਤਾਬਿਲਾਨ ਦੇ ਇਕ ਬੁਲਾਰੇ ਨੇ ਕਿਹਾ ਕਿ ਅਫਗਾਨਿਸਤਾਨ ਤੋਂ ਅਮਰੀਕੀ ਗੱਠਜੋੜ ਦੀਆਂ ਫੌਜਾਂ ਦੀ ਵਾਪਸੀ ਲਈ ਨਿਰਧਾਰਤ ਸਮਾਂ ਹੱਦ ਤੋਂ ਬਾਅਦਤਾਲਿਬਾਨ ਕਿਸੇ ਵੀ ਵਿਦੇਸ਼ੀ



ਫੌਜੀ ਦੀ ਹਾਜ਼ਰੀ ਦੇ ਖਿਲਾਫ ਹੈ। ਤਾਲਿਬਾਨ ਦੇ ਸਾਬਕਾ ਕਮਾਂਡਰ ਸਈਦ ਅਕਬਰ ਆਗਾ ਨੇ ਕਿਹਾ, 'ਜੇ ਉਹ ਨਾਟੋ ਜਾਂ ਤੁਰਕੀ ਜਾਂ ਕਿਸੇ ਹੋਰ ਦੇਸ਼ ਦੇ ਢਾਂਚੇ ਦੇ ਅੰਦਰ ਰਹਿੰਦੇ ਹਨ ਤਾਂ ਅਫਗਾਨਿਸਤਾਨ ਦੇ ਆਮ ਲੋਕਾਂ ਅਤੇ ਤਾਲਿਬਾਨ ਦੋਵਾਂ ਨੂੰ ਇਸ ਤਰ੍ਹਾਂ ਦਾ ਕੋਈ ਵੀ ਸਮਝੌਤਾ ਮਨਜ਼ੂਰ ਨਹੀਂ ਹੋ ਸਕਦਾ।'

# ਦੋ ਭੈਣਾਂ ਨੇ ਜ਼ਹਿਰ ਖਾਧਾ, ਇੱਕ ਦੀ ਮੌਤ, ਦੂਸਰੀ ਦੀ ਹਾਲਤ ਨਾਜ਼ੁਕ

ਫਿਲੌਰ, 12 ਜੁਲਾਈ (ਪੋਸਟ ਬਿਊਰੋ)- ਕੱਲ੍ਹ ਸਵੇਰੇ ਘਰ ਵਿੱਚ ਮੌਜੂਦ ਚਾਰ ਤੇ ਛੇ ਸਾਲ ਦੀਆਂਦੋ ਮਾਸੂਮ ਭੈਣਾਂ ਨਿਢਾਲ ਹਾਲਤ ਵਿੱਚ ਮਿਲੀਆਂ, ਜਿਨ੍ਹਾਂ ਨੇ ਜ਼ਹਿਰ ਨਿਗਲਿਆ ਹੋਇਆ ਸੀ। ਜ਼ਹਿਰ ਨਿਗਲਣ ਨਾਲ ਛੋਟੀ ਭੈਣ ਆਯਾਤ (4) ਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਮੌਤ ਹੋ ਗਈ, ਪਰ ਵੱਡੀ ਭੈਣ ਅਨਿਸ਼ਾ (6) ਸਾਲ ਦੀ ਡਾਕਟਰਾਂ ਦੇ ਮੁਤਾਬਕ ਹਾਲਤ ਨਾਜ਼ੁਕ ਹੈ ਅਤੇ ਜ਼ਿੰਦਗੀ-ਮੌਤ ਵਿਚਾਲੇ ਜੂਝ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਸਥਾਨਕ ਸ਼ਹਿਰ ਦੇ ਵਾਰਡ ਨੰਬਰ 10 ਵਿੱਚ ਦੇਵੀ ਮੰਦਰ ਨੇੜੇ ਰਹਿੰਦੀ ਸੋਨੀਆ ਨੇ ਦੱਸਿਆ ਕਿ ਉਹ ਘਰ ਦੀ ਛੱਤ ਉੱਤੇ ਕੱਪੜੇ ਧੋ ਰਹੀ ਸੀ, ਕਿ ਉਸ ਨੇ ਛੋਟੀ ਲੜਕੀ ਆਯਾਤ ਦੇ ਲਗਾਤਾਰ ਰੋਣ ਦੀ ਆਵਾਜ਼ ਸੁਣੀ ਤਾਂ ਉਹ ਥੱਲੇ ਆ ਗਈ। ਬੱਚੀ ਉਲਟੀਆਂ ਕਰ ਰਹੀ ਸੀ ਅਤੇ ਉਸ ਦੀ ਮਾਂ ਹੀਨਾ ਉਸ ਨੂੰ ਚੁੱਪ ਕਰਾਉਣ ਲੱਗੀ ਹੋਈ ਸੀ। ਉਸ ਨੇ ਆਪਣੀ ਦਰਾਣੀ ਨੂੰ ਬੱਚੀ ਦੇ ਉਲਟੀਆਂ ਕਰਨ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਨੇ ਇਹ ਦਵਾਈ ਖਾ ਲਈ ਹੈ। ਜ਼ਹਿਰ ਦੀ ਸ਼ੀਸ਼ੀ ਦੇਖ ਕੇ, ਗੁਆਂਢੀਆਂ ਦੀ ਮੱਦਦ ਨਾਲ ਆਯਾਤ ਨੂੰ ਇੱਕ ਪ੍ਰਾਈਵੇਟ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਦੀ ਨਾਜ਼ੁਕ ਹਾਲਤ ਦੇਖ ਕੇ ਦਇਆਨੰਦ ਹਸਪਤਾਲ ਰੈਫਰ ਕਰ ਦਿੱਤਾ। ਪਰਵਾਰ ਦੇ ਮੈਂਬਰ ਉਸ ਨੂੰ ਲੈ ਕੇ ਜਾਣ ਲੱਗੇ ਤਾਂ ਘਰ ਤੋਂ ਫ਼ੋਨ ਆ ਗਿਆ ਕਿ ਵੱਡੀ ਬੇਟੀ ਅਨੀਸ਼ਾ ਵੀ ਉਲਟੀਆਂ ਕਰਨ ਲੱਗ ਪਈ ਹੈ। ਇਸ ਉੱਤੇ ਉਸ ਨੂੰ ਵੀ ਹਸਪਤਾਲ ਪਹੁੰਚਾਇਆ ਗਿਆ। ਦੋਨਾਂ ਬੱਚੀਆਂ ਨੂੰ ਲੁਧਿਆਣੇਲਿਜਾ ਰਹੇ ਸਨ ਕਿ ਰਸਤੇ ਵਿੱਚ ਛੋਟੀ ਬੇਟੀ ਆਯਾਤ ਨੇ ਦਮ ਤੋੜ ਦਿੱਤਾ। ਅਨੀਸ਼ਾ ਦਾ ਦਇਆਨੰਦ ਹਸਪਤਾਲ ਵਿੱਚ ਇਲਾਜ ਚਲ ਰਿਹਾ ਹੈ। ਡਾਕਟਰਾਂ ਦੇ ਮੁਤਾਬਕ ਉਸਦੀ ਹਾਲਤ ਵੀ ਨਾਜ਼ੁਕ ਹੈ।

# ਪੰਜਾਬੀ ਖੇਤੀ ਕਾਮੇ ਇਟਲੀ ਵਿੱਚ ਗੁਲਾਮਾਂ ਦਾ ਜੀਵਨ ਬਿਤਾ ਰਹੇ ਨੇ

ਸਾਬਾਊਧੀਆ, 12 ਜੁਲਾਈ (ਪੋਸਟ ਬਿਊਰੋ)- ਇਟਲੀ ਦੇ ਲਤੀਨਾ ਸੂਬੇ ਵਿੱਚ ਰੋਮ ਦੇ ਦੱਖਣ ਵਿੱਚ ਪੈਂਦੇ ਪੇਂਡੂ ਇਲਾਕੇ ਵਿੱਚ ਭਾਰਤ ਦੇ ਖੇਤੀ ਕਾਮੇ ਗੁਲਾਮਾਂ ਵਰਗਾ ਜੀਵਨ ਬਿਤਾ ਰਹੇ ਹਨ।



ਬਲਵੀਰ ਸਿੰਘ, ਜਿਸ ਨੇ ਛੇ ਸਾਲ ਇਟਲੀ ਦੇ ਇੱਕ ਜਗੀਰਦਾਰ ਦੇ ਫਾਰਮ ਹਾਊਸ ਵਿੱਚ ਇੱਕ ਗੁਲਾਮ (ਬੰਧੂਆ) ਕਾਮੇ ਵਜੋਂ ਬਿਤਾਏ, ਦੀ ਕਹਾਣੀ ਉਸ ਜਿਹੇ ਹਜ਼ਾਰਾਂ ਭਾਰਤੀ ਪ੍ਰਵਾਸੀ ਮਜ਼ਦੂਰਾਂ ਵਾਂਗ ਹੈ, ਜੋ ਰੋਮ ਦੇ ਦੱਖਣ ਵਿੱਚ ਪੈਂਦੇ ਪੇਂਡੂ ਇਲਾਕੇ ਵਿੱਚ ਗੁਲਾਮਾਂ ਵਾਂਗ ਆਪਣੀ ਜ਼ਿੰਦਗੀ ਬਸਰ ਕਰ ਰਹੇ ਹਨ। ਉਸ ਨੇ ਦੱਸਿਆ ਕਿ ਉਸ ਨੇ ਛੇ ਸਾਲ ਗੁਲਾਮਾਂ ਵਾਂਗ ਰੋਜ਼ ਬਿਨ੍ਹਾਂ ਕਿਸੇ ਛੁੱਟੀ ਦੇ 12-13 ਘੰਟੇ ਕੰਮ ਕਰਦਿਆਂ ਬਿਤਾਏ, ਜਿਸ ਲਈ ਫਾਰਮ ਮਾਲਕ ਉਸ ਨੂੰ ਮਹੀਨੇ ਦਾ ਕੇਵਲ 100 ਤੋਂ 150 ਯੂਰੋ ਦਿੰਦਾ ਸੀ। ਉਸ ਨੂੰ ਪ੍ਰਤੀ ਘੰਟਾ ਕਰੀਬ 50 ਸੈਂਟ (ਅੱਧਾ ਯੂਰੋ) ਮਿਲੇ, ਜਦਕਿ ਕਾਨੂੰਨੀ ਤੌਰ ਉੱਤੇ ਇਟਲੀ ਵਿੱਚ ਘੱਟੋ-ਘੱਟ ਇੱਕ ਘੰਟੇ ਦੀ ਮਜ਼ਦੂਰੀ 10 ਯੂਰੋ ਹੈ। ਪੁਲਸ ਨੇ ਉਸ ਨੂੰ 17 ਮਾਰਚ 2017 ਨੂੰ ਉਦੋਂ ਛਾਪਾ ਮਾਰ ਕੇ ਬਚਾਇਆ, ਜਦੋਂ ਉਸ ਨੇ 'ਫੇਸਬੁੱਕ' ਅਤੇ 'ਵੱਟਸਐਪ' ਉੱਤੇ ਸਥਾਨਕ ਭਾਰਤੀ ਭਾਈਚਾਰੇ ਦੇ ਨੇਤਾਵਾਂ ਤੇ ਇਟਲੀ ਦੇ ਮਨੁੱਖੀ ਅਧਿਕਾਰ ਕਾਰਕੁੰਨਾਂ ਨੂੰ ਅਪੀਲ ਕੀਤੀ।

ਅਧਿਕਾਰੀਆਂ ਨੇ ਉਸ ਨੂੰ ਇੱਕ ਕਾਰਾਵਨ ਵਿੱਚੋਂ ਬਿਨਾਂ ਗੈਸ, ਗਰਮ ਪਾਣੀ, ਬਿਜਲੀ ਅਤੇ ਖਾਣੇ ਤੋਂ ਲੱਭਿਆ ਸੀ, ਉਹ ਆਪਣੇ 'ਬੌਸ' ਵੱਲੋਂ ਦਾਨ (ਬਿੰਨ) ਵਿੱਚ ਸੁੱਟੇ ਖਾਣੇ ਦੀ ਰਹਿੰਦ-ਖੂੰਹਦ ਜਾਂ ਮੁਰਗੀਆਂ ਤੇ ਸੂਰਾਂ ਨੂੰ ਪਾਏ ਜਾਣ ਵਾਲੀ ਖੁਰਾਕ ਖਾ ਕੇ ਗੁਜ਼ਾਰਾ ਕਰਦਾ ਸੀ। ਬਲਵੀਰ ਸਿੰਘ ਨੇ ਦੱਸਿਆ ਕਿ ਜਦੋਂ ਇੱਕ ਵਕੀਲ ਨੇ ਉਸ ਦੀ ਮੱਦਦ ਕਰਨ ਲਈ ਹਾਮੀ ਭਰੀ ਤਾਂ ਮਾਲਕ ਨੇ ਉਸ ਨੂੰ ਟੋਆ ਪੁੱਟ ਕੇ ਦੱਬ ਦੇਣ ਦੀ ਧਮਕੀ ਦਿੱਤੀ। ਉਸ ਨੂੰ ਪਤਾ ਸੀ ਕਿ ਉਸ ਦੇ ਮਾਲਕ ਕੋਲ ਬੰਦੂਕ ਹੈ। ਉਸ ਦੀ ਕਈ ਵਾਰ ਕੁੱਟਮਾਰ ਕੀਤੀ ਗਈ ਤੇ ਉਸ ਦੇ ਪਛਾਣ ਪੱਤਰ ਵੀ ਉਸ ਤੋਂ ਖੋਹ ਲਏ ਸਨ। ਇਸ ਸਮੇਂ ਉਸ ਦਾ ਪੁਰਾਣਾ ਮਾਲਕ ਮਜ਼ਦੂਰ ਦੇ ਸ਼ੋਸ਼ਣ ਕੇਸ ਭੁਗਤ ਰਿਹਾ ਹੈ, ਜਦ ਕਿ ਬਲਵੀਰ ਸਿੰਘ ਕਿਸੇ ਗੁਪਤ ਟਿਕਾਣੇ ਉਤੇ ਰਹਿ ਰਿਹਾ ਹੈ। ਉਸ ਦੀ ਇਹ ਕਹਾਣੀ ਇਟਲੀ ਵਿੱਚ ਪ੍ਰਵਾਸੀ ਖੇਤੀ ਮਜ਼ਦੂਰਾਂ ਦੀ ਜ਼ਿੰਦਗੀ ਦੀ ਝਲਕ ਹੈ, ਜੋ ਪੋਨਟੀਨੋ ਮਾਰਸ਼ੇਸ, ਲਾਟੀਨਾ ਜਾਂ ਇਟਲੀ ਦੇ ਕਿਸੇ ਖੇਤੀ ਸੈਕਟਰ ਵਿੱਚ ਕੰਮ ਕਰਨ ਵਾਲਿਆਂ ਦੀ ਆਮ ਕਹਾਣੀ ਹੈ।

ਯੂ ਐਨ ਦੇ ਵਿਸ਼ੇਸ਼ ਰਿਪੋਰਟਰ ਨੇ 2018 ਵਿੱਚ ਇਟਲੀ ਵਿੱਚ ਚਾਰ ਲੱਖ ਤੋਂ ਵਧੇਰੇ ਖੇਤੀ ਮਜ਼ਦੂਰਾਂ ਦੇ ਕਠਿਨ ਹਾਲਾਤ ਵਿੱਚ ਕੰਮ ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ ਵਿੱਚੋਂ ਕਰੀਬ ਇੱਕ ਲੱਖ ਮਜ਼ਦੂਰ ਸ਼ੋਸ਼ਣ ਦਾ ਸ਼ਿਕਾਰ ਹਨ ਤੇ 'ਅਣਮਨੁੱਖੀ ਹਾਲਾਤ' ਦਾ ਸਾਹਮਣਾ ਕਰ ਰਹੇ ਹਨ।

# ਚੀਨ ਦੇ ਝਾਂਸੇ ਵਿੱਚ ਬੰਗਲਾਦੇਸ਼ ਨਹੀਂ ਆਵੇਗਾ

ਢਾਕਾ, 12 ਜੁਲਾਈ (ਪੋਸਟ ਬਿਊਰੋ)- ਗੁਆਂਢੀ ਬੰਗਲਾ ਦੇਸ਼ ਨੇ ਚੀਨ ਦੇ ਦਬਾਅ ਜਾਂ ਬਹਿਕਾਵੇ ਵਿੱਚ ਆਉਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਉਸ ਨੇ ਚੀਨ ਦੇ ਉਮੀਦਾਂ ਭਰੇ ਪ੍ਰੋਜੈਕਟ ਬੈਲਟ ਐਂਡ ਰੋਡ ਨੂੰ ਤਾਂ ਨਜ਼ਰਅੰਦਾਜ਼ ਕੀਤਾ ਹੀ ਹੈ, ਉਸ ਦੇ ਕਰਜ਼ੇ ਦੇ ਜਾਲ ਵਿੱਚ ਫਸਣ ਤੋਂ ਬਚਣ ਲਈ ਬੰਗਲਾ ਦੇਸ਼ ਨੇ ਆਪਣੇ ਇੱਥੇ ਮਾਈਕਰੋ-ਇਕੋਨਾਮਿਕ ਮੈਨੇਜਮੈਂਟ (ਵਿਆਪਕ ਆਰਥਿਕ ਪ੍ਰਬੰਧ) ਕਰ ਲਈ ਹੈ।

ਦੱਖਣੀ ਏਸ਼ੀਆ ਡੈਮੋਕ੍ਰੇਟਿਕ ਫੋਰਮ (ਐਸ ਏ ਡੀ ਐਫ) ਵੱਲੋਂ ਪਾਲੋ ਕਸਾਕਾ ਨੇ ਆਮ ਤੌਰ ਉਤੇ ਬੇਫਿਕਰੇ ਰਹਿਣ ਵਾਲੇ ਬੰਗਲਾ ਦੇਸ਼ ਪ੍ਰਸ਼ਾਸਨ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਉਹ ਬੀ ਆਰ ਆਈ ਵਿੱਚ ਆਪਣੀ ਸਾਂਝੇਦਾਰੀ ਨਾਲ ਜ਼ਮੀਨੀ ਤੇ ਰਾਜਨੀਤਕ ਨਿਰਭਰਤਾ ਦਾ ਸ਼ਿਕਾਰ ਹੋ ਸਕਦਾ ਹੈ। ਚੀਨੀ ਨਿਵੇਸ਼ ਨਾਲ ਗਹਿਰੀਆਂ ਸਮੁੰਦਰੀ ਬੰਦਰਗਾਹਾਂ ਵਿੱਚ ਭਵਿੱਖ ਵਿੱਚ ਚੀਨੀ ਨੇਵੀ ਦੇ ਬੇੜੇ ਨੂੰ ਵੀ ਬੰਗਲਾ ਦੇਸ਼ ਨੇ ਠੁਕਰਾ ਦਿੱਤਾ ਹੈ। ਇਸ ਨੇ ਸੋਨਾਦੀਆ ਡੀਪ ਸੀ ਪ੍ਰੋਜੈਕਟ



ਨੂੰ ਵੀ ਰੱਦ ਕਰ ਦਿੱਤਾ ਹੈ। ਬੰਗਲਾ ਦੇਸ਼ ਨੇ ਪਾਇਰਾ ਦੀ ਇੱਕ ਬੰਦਰਗਾਹ ਦਾ ਪ੍ਰੋਜੈਕਟ ਵੀ ਰੱਦ ਕੀਤਾ ਹੈ। ਇਸ ਸਥਾਨ ਉਤੇ ਸਿਰਫ 75 ਕਿਲੋਮੀਟਰ ਲੰਬੀ ਨਹਿਰ ਜ਼ਰੀਏ ਹੀ ਪੁੱਜਿਆ ਜਾ ਸਕਦਾ ਹੈ। ਇਸ ਲਈ ਨੇਵੀ ਦੇ ਬੇੜੇ ਨੂੰ ਵੀ ਬੰਗਲਾ ਦੇਸ਼ ਨੇ ਠੁਕਰਾ ਦਿੱਤਾ ਹੈ। ਨੇਵੀ ਦਾ ਇਹ ਅੱਡਾ ਬਣਾਉਣ ਲਈ ਢੁੱਕਵੀਂ ਜਗ੍ਹਾ ਹੈ।

ਬੰਗਲਾ ਦੇਸ਼ ਨੇ ਬੀਤੀ 15 ਅਕਤੂਬਰ, 2016 ਨੂੰ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ ਵਿੱਚ ਰਹਿਣ ਦਾ ਫੈਸਲਾ ਕੀਤਾ ਸੀ, ਜਿਸ ਦੌਰਾਨ ਇਹ ਫੈਸਲਾ ਲਿਆ ਗਿਆ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੌਰੇ ਉਤੇ ਸਨ। ਦੋਵਾਂ ਦੇਸ਼ਾਂ ਨੇ ਉਦੋਂ ਰਣਨੀਤਕ ਸਾਂਝੇਦਾਰੀ ਵਧਾਉਣ ਉਤੇ ਵੀ ਸਹਿਮਤੀ ਪ੍ਰਗਟਾਈ ਸੀ। ਉਸ ਸਮੇਂ ਬੰਗਲਾ ਦੇਸ਼ ਵਿੱਚ ਚੀਨ ਨੇ ਪਾਕਿਸਤਾਨ ਤੋਂ ਬਾਅਦ ਦੂਸਰੇ ਸਥਾਨ ਉਤੇ ਸਭ ਤੋਂ ਵੱਡਾ ਨਿਵੇਸ਼ ਕੀਤਾ ਸੀ।ਚਾਈਨਾ ਡੇਲੀ ਦੀ ਰਿਪੋਰਟ ਮੁਤਾਬਕ ਐਸ ਏ ਡੀ ਐਫ ਨੇ ਕਿਹਾ ਕਿ ਕੌਮਾਂਤਰੀ ਮਹਾਮਾਰੀ ਦੇ ਬਾਵਜੂਦ ਚੀਨੀ ਨਿਵੇਸ਼ ਵਿੱਚ ਕੋਈ ਕਮੀ ਨਹੀਂ, ਸਗੋਂ ਇਹ ਹੌਲੀ-ਹੌਲੀ ਵਧ ਰਿਹਾ ਹੈ। ਵਿਸ਼ੇਸ਼ ਆਰਥਿਕ ਜ਼ੋਨ ਬਣਾਉਣ ਤੋਂ ਇਲਾਵਾ ਪਦਮਾ ਨਦੀ ਉਤੇ ਨਵੀਂ ਰੇਲਵੇ ਕਰਾਸਿੰਗ ਬਣਾਉਣ ਵਿੱਚ ਕਈ ਰੁਕਾਵਟਾਂ ਹਨ। ਪਾਇਰਾ ਪਾਵਰ ਪਲਾਂਟ ਸਬੰਧੀ ਮਜ਼ਦੂਰਾਂ ਤੇ ਚੀਨੀ ਪ੍ਰਸ਼ਾਸਨ ਵਿਚਾਲੇ ਸੰਘਰਸ਼ ਜਾਰੀ ਹੈ।















ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh,
Office Admin: Sajandeep Singh
Graphic Designer: Angrez Singh
Photographer: Kanwaljit Singh Kanwal
Distributer: Aman Warraich
Marketing: Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਇੱਕੋ ਸਰੀਰ 'ਚ ਦੋ ਕੋਰੋਨਾ! 90 ਸਾਲਾ ਔਰਤ ਦੀ ਮੌਤ ਪਿਛੋਂ ਟੈਂਸ਼ਨ

ਨਵੀਂ ਦਿੱਲੀ, 12 ਜੁਲਾਈ (ਪੋਸਟ ਬਿਊਰੋ)- ਕੋਵਿਡ-19 ਦੇ ਡਬਲ ਇਨਫੈਕਸ਼ਨ ਬਾਰੇ ਨਵੇਂ ਸਵਾਲ ਉਠ ਰਹੇ ਹਨ ਅਤੇ ਬੈਲਜ਼ੀਅਮ ਤੋਂ ਸਾਹ-ਮਣੇ ਆਏ ਇੱਕ ਕੇਸ ਨੇ ਕਨਫਿਊਜ਼ਨ ਹੋਰ ਵਧਾ ਦਿੱਤੀ ਹੈ।

ਪਤਾ ਲੱਗਾ ਹੈ ਕਿ ਇੱਕ ਨੱਬੇ ਸਾਲਾ ਔਰਤ ਨੂੰ ਕੋਵਿਡ-19 ਦੇ ਦੋ ਅਲੱਗ-ਅਲੱਗ ਵੈਰੀਐਂਟਸ ਨੇ ਇਨਫੈਕਟਿਡ ਕੀਤਾ ਅਤੇ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਨੂੰ ਯੂ ਕੇ ਵਿੱਚ ਮਿਲੇ ਅਲਫਾ ਤੇ ਸਾਊਥ ਅਫਰੀਕਾ ਵਿੱਚ ਮਿਲਣ ਵਾਲੇ ਬੀਟਾ ਵੈਰੀਆਂਟ ਨੇ ਇਨਫੈਕਟਿਡ ਕੀਤਾ ਸੀ। ਡਾਕਟਰਾਂ ਮੁਤਾਬਕ ਇਹ ਆਪਣੀ ਤਰ੍ਹਾਂ ਦਾ ਪਹਿਲਾ ਕੇਸ ਹੈ।ਵਿਗਿਆਨੀਆਂ ਦੇ ਅਨੁਸਾਰ ਔਰਤ ਨੂੰ ਸ਼ਾਇਦ ਦੋ ਵੱਖ-ਵੱਖ ਲੋਕਾਂ ਤੋਂ ਇਨਫੈਕਸ਼ਨ ਹੋਈ ਹੈ। ਇਸਨਾਲ ਸਵਾਲ ਉਠੇ ਹਨ ਕਿ ਕੋਵਿਡ ਦੇ ਅਲੱਗ-ਅਲੱਗ ਵੈਰੀਐਂਟਸ ਤੋਂ ਪੀੜਤ ਵਿਅਕਤੀ ਉੱਤੇ ਵੈਕਸੀਨ ਕਿੰਨੀ ਅਸਰਦਾਰ ਰਹਿ ਸਕੇਗੀ।

ਇਹ ਖੋਜ ਪੇਪਰ ਯੂਰਪੀਨ ਕਾਂਗਰਸ ਆਫ ਕਲੀਨੀਕਲ ਮਾਈਕ੍ਰੋਬਾਇਓਲਾਜੀ ਐਂਡ ਇਨਫੈਸ਼ੀਅਸ ਡਿਜੀਜ਼ਿਜ਼ ਵਿੱਚ ਇਸੇ ਹਫਤੇ ਛਪਿਆ ਹੈ। ਮਾਮਲਾ ਸਾਹਮਣੇ ਆਉਣ ਨਾਲ ਡਬਲ ਇਨਫੈਕਸ਼ਨ ਬਾਰੇ ਅਤੇ ਨਾਲ ਵੈਕਸੀਨ ਦੇ ਅਸਰ ਬਾਰੇ ਨਵੇਂ ਸਵਾਲ ਖੜ੍ਹੇ ਹੋ ਰਹੇ ਹਨ। ਇੱਕ ਵਿਅਕਤੀ ਨੂੰ ਵਾਇਰਸ ਦੇ ਦੋ ਅਲੱਗ-ਅਲੱਗ ਰੂਪਾਂ ਦਾ ਇਨਫੈਕਸ਼ਨ ਹੋਣਾ 'ਕੋ-ਇਨਫੈਕਸ਼ਨ' ਅਖਵਾਉਂਦਾ ਹੈ। ਇਸ ਔਰਤ ਦੀ ਮੌਤ ਮਾਰਚ ਵਿੱਚ ਹੋਈ ਸੀ। ਉਸ ਨੂੰ ਵੈਕਸੀਨ ਨਹੀਂ ਲੱਗੀ ਸੀ ਅਤੇ ਉਹ ਇਕੱਲੀ ਰਹਿੰਦੀ ਸੀ ਅਤੇ ਘਰ ਵਿੱਚ ਹੀ ਦੇਖਭਾਲ ਹੋ ਰਹੀ ਸੀ। ਬਲੂਮਬਰਗ ਦੀ ਰਿਪੋਰਟ ਅਨੁਸਾਰ ਜਦ ਉਸ ਨੂੰ ਹਸਪਤਾਲ ਭਰਤੀ ਕੀਤਾ ਗਿਆ ਤਾਂ ਆਕਸੀਜਨ ਲੈਵਲ ਠੀਕ ਸੀ, ਪਰ ਪੰਜ ਦਿਨ ਬਾਅਦ ਮੌਤ ਹੋ ਗਈ। ਔਰਤ ਦੀ ਸਾਹ ਨਾੜੀ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਚਲੀ ਗਈ।

ਰਿਸਰਚ ਨੂੰ ਲੀਡ ਕਰ ਰਹੀ ਮਾਲਿਕਿਊਲਰ ਬਾਇਓਲਾਜਿਸਟ ਐਨੇ ਨੇ ਕਿਹਾ ਕਿ ਉਸ ਸਮੇਂ ਬੈਲਜੀਅਮ ਵਿੱਚ ਇਹ ਦੋਵੇਂ ਵੈਰੀਐਂਟਸ (ਅਲਫਾ ਅਤੇ ਬੀਟਾ) ਸਰਕੂਲੇਟ ਹੋ ਰਹੇ ਸਨ। ਸੰਭਵ ਹੈ ਕਿ ਔਰਤ ਨੂੰ ਦੋ ਅਲੱਗ-ਅਲੱਗ ਲੋਕਾਂ ਤੋਂ ਅਲੱਗ-ਅਲੱਗ ਵਾਇਰਸ ਦੀ ਇਨਫੈਕਸ਼ਨ ਹੋਈ ਹੋਵੇ। ਐਨੇ ਨੇ ਕਿਹਾ ਕਿ ਦੁਨੀਆ ਭਰ ਵਿੱਚ ਡਬਲ ਇਨਫੈਕਸ਼ਨ ਨੂੰ ਘੱਟ ਕਰ ਕੇ ਦੇਖਿਆ ਜਾ ਰਿਹਾ ਹੈ, ਕਿਉਂਕਿ 'ਚਿੰਤਾ ਵਾਲੇ ਵੈਰੀਐਂਟਸ ਦੀ ਟੈਸਟਿੰਗ ਘੱਟ ਹੋ ਰਹੀ ਹੈ ਅਤੇ ਜੀਨੋਮ ਸੀਕਵੈਂਸਿੰਗ ਵਿੱਚ ਕੋ-ਇਨਫੈਕਸ਼ਨ ਦੀ ਪਛਾਣ ਦਾ ਆਸਾਨ ਤਰੀਕਾ ਨਹੀਂ ਹੈ।

# ਬਾਬਾ ਜਸਪਾਲ ਸਿੰਘ ਕਾਰਸੇਵਾ ਮੰਜੀ ਸਾਹਿਬ ਨੂੰ ਹਜ਼ਾਰਾਂ ਸੇਜਲ ਅੱਖਾਂ ਨਾਲ ਦਿੱਤੀ ਗਈ ਅੰਤਿਮ ਵਿਦਾਇਗੀ

ਅੰਮ੍ਰਿਤਸਰ, 12 ਜੁਲਾਈ (ਪੋਸਟ ਬਿਊਰੋ): ਕੇਂਦਰ ਦੀ ਮੋਦੀ ਸਰਕਾਰ ਖੇਤੀਬਾੜੀ ਬਾਰੇ ਕਾਲੇ ਕਾਨੂੰਨਾਂ ਨੂੰ ਨਾਲ ਰੱਦ ਕਰਨ ਲਈ ਅੜੀ ਹੋਈ ਹੈ , ਇਸ ਦੇ ਚਲਦਿਆਂ ਇਕ ਹੋਰ ਸੰਤ ਬਾਬਾ ਜਸਪਾਲ ਸਿੰਘ ਕਾਰਸੇਵਾ ਮੰਜੀ ਸਾਹਿਬ, ਡੇਰਾ ਚਮਰੰਗ ਰੋਡ ਕਿਸਾਨ ਅੰਦੋਲਨ ਦੀ ਭੇਟ ਚੜ੍ਹ ਗਿਆ ਹੈ। ਜਿਸ ਨੂੰ ਲੈ ਕੇ ਸੰਤ ਸਮਾਜ ਅਤੇ ਸਿੱਖ ਸੰਗਤਾਂ 'ਚ ਸ਼ੋਕ ਦੀ ਲਹਿਰ ਹੈ। ਅੱਜ ਉਨ੍ਹਾਂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ । ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਨੇੜੇ ਸ਼ਮਸ਼ਾਨ-ਭੂਮੀ ਵਿਖੇ ਉਨ੍ਹਾਂ ਦੇ ਪਵਿੱਤਰ ਅੰਗੀਠੇ ਨੂੰ ਉਨ੍ਹਾਂ ਦੀ ਇਕਲੌਤੀ ਧੀ ਬੀਬਾ ਵਿਪਨਦੀਪ ਕੌਰ ਨੇ ਅਗਨੀ ਦਿਖਾਈ। ਬਾਬਾ ਜਸਪਾਲ ਸਿੰਘ ਮੰਜੀ ਸਾਹਿਬ ਕਿਸਾਨ ਸੰਘਰਸ਼ ਦੀ ਫ਼ਤਿਹਯਾਬੀ ਲਈ ਜੀ ਟੀ ਰੋਡ ਮਾਨਾਵਾਲਾ 'ਚ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਹਾਲ ਵਡਾਲੀ ਡੋਗਰਾਂ ਵਿਖੇ 8 ਜੂਨ ਤੋਂ ਨਿਰੰਤਰ ਚਲਾਏ ਜਾ ਰਹੇ ਸਹਿਜ ਪਾਠਾਂ ਦੀ ਲੜੀ ਸਮਾਗਮ ਦੇ ਪ੍ਰਮੁੱਖ ਸੰਚਾਲਕ ਸਨ। ਸਹਿਜ ਪਾਠ ਲੜੀ ਸਮਾਗਮ ਦੇ ਸਹਿ ਸੰਚਾਲਕ ਭਾਈ ਇਕਬਾਲ ਸਿੰਘ ਤੁੰਗ ਅਤੇ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਦੱਸਿਆ ਕਿ ਬਾਬਾ ਜਸਪਾਲ ਸਿੰਘ ਜੀ ਕਲ ਸ: ਨਿਰਮਲ ਸਿੰਘ ਠੇਕੇਦਾਰ ਚੀਫ ਖਾਲਸਾ ਦੀਵਾਨ ਵਲੋਂ ਰਖਾਏ ਗਏ 11-12 ਵੇਂ ਸਹਿਜ ਪਾਠਾਂ ਦੀ ਆਰੰਭਤਾ ਉਪਰੰਤ ਸਹਿਜ ਪਾਠਾਂ ਦੇ ਪੜਾਅ ਤੋਂ ਵਾਪਸ ਮੁੜ ਰਹੇ ਸਨ ਤਾਂ ਰਸਤੇ ਵਿਚ ਉਨ੍ਹਾਂ ਦੀ ਕਾਰ ਨੂੰ ਇਕ ਬੱਸ ਨਾਲ ਜ਼ਬਰਦਸਤ ਹਾਦਸਾ ਪੇਸ਼ ਆਇਆ। ਉਸ ਵਕਤ ਉਹ ਇਕੱਲੇ ਸਨ ਅਤੇ ਖ਼ੁਦ ਕਾਰ ਚਲਾ ਰਹੇ ਸਨ। ਹਾਦਸੇ ਉਪਰੰਤ ਉਨ੍ਹਾਂ ਨੂੰ ਗੁਰੂ ਰਾਮਦਾਸ ਹਸਪਤਾਲ ਵਲ੍ਹਾ ਵਿਖੇ ਲਿਜਾਇਆ ਗਿਆ ਜਿੱਥੇ ਜ਼ਖ਼ਮਾਂ ਦੀ ਤਾਪ ਨਾ ਸਹਾਰਦਿਆਂ ਗੁਰੂ ਚਰਨਾਂ ਚ ਜਾ ਬਿਰ-ਾਜੇ ਹਨ। ਉਹ 53 ਵਰ੍ਹਿਆਂ ਦੇ ਸਨ ਅਤੇ ਉਨ੍ਹਾਂ ਸ਼ਾਮ 6 ਵਜੇ ਆਖ਼ਰੀ ਸਾਹ ਲਿਆ। ਬਾਬਾ ਜਸਪਾਲ ਸਿੰਘ ਜੀ ਕਿਸਾਨ ਸੰਘਰਸ਼ ਪ੍ਰਤੀ ਤਨ ਮਨ ਅਤੇ ਧੰਨ ਨਾਲ ਸਮਰਪਿਤ ਸਨ। ਉਹ ਕਿਸਾਨਾਂ ਦੀ ਸਥਿਤੀ ਬਾਰੇ ਬਹੁਤ ਚਿੰਤਤ ਸੀ। ਉਨ੍ਹਾਂ ਤੋਂ ਕਿਸਾਨੀ ਦਾ ਦਰਦ ਵੇਖਿਆ ਨਹੀਂ ਜਾ ਰਿਹਾ ਸੀ,



ਕਿਸਾਨਾਂ ਦਾ ਆਪਣੇ ਹੱਕ ਲੈਣ ਲਈ ਸੜਕਾਂ 'ਤੇ ਪਰੇਸ਼ਾਨ ਹੋਣਾ ਉਸ ਨੂੰ ਬਹੁਤ ਦੁਖੀ ਕਰਨ ਵਾਲਾ ਰਿਹਾ। ਉਨ੍ਹਾਂ ਕਿਸਾਨੀ ਸੰਘਰਸ਼ ਦੀ ਕਾਮਯਾਬੀ ਲਈ ਗੁਰੂ ਸਾਹਿਬ ਦਾ ਓਟ ਆਸਰਾ ਲਿਆ ਅਤੇ ਦੂਜਿਆਂ 'ਚ ਵੀ ਇਸ ਪ੍ਰਤੀ ਉਤਸ਼ਾਹ ਪੈਦਾ ਕਰਦੇ ਰਹੇ। ਬਾਬਾ ਜਸਪਾਲ ਸਿੰਘ ਦੇ ਵਿਛੋੜੇ ਨਾਲ ਕਿਸਾਨ ਸੰਘਰਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੀ ਕੁਰਬਾਨੀ ਦੇਸ਼ ਯਾਦ ਰੱਖੇਗਾ। ਉਨ੍ਹਾਂ ਦਾ ਬਲੀਦਾਨ ਵਿਅਰਥ ਨਹੀਂ ਜਾਏਗਾ। ਬਾਬਾ ਜਸਪਾਲ ਸਿੰਘ ਜੀ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ ਮਿਤੀ 20 ਜੁਲਾਈ. ਦਿਨ ਮੰਗਲ ਵਾਰ ਨੂੰ ਗੁ: ਬਾਬਾ ਚਰਨ ਸਿੰਘ ਡੇਰਾ ਚਮਰੰਗ ਰੋਡ ਵਿਖੇ ਹੋਵੇਗੀ। ਬਾਬਾ ਜਸਪਾਲ ਸਿੰਘ ਦੇ ਅੰਤਿਮ ਸੰਸਕਾਰ ਮੌਕੇ ਸੰਤ ਬਾਬਾ ਸੁਰਜੀਤ ਸਿੰਘ ਡੇਰਾ ਬਾਬਾ ਸ਼ਾਮ ਸਿੰਘ ਆਟਾ ਮੰਡੀ, ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨ. ਹਰਨਾਮ ਸਿੰਘ ਵੱਲੋਂ ਭਾਈ ਅਜੈਬ ਸਿੰਘ ਅਭਿਆਸੀ ਮੈਂਬਰ ਧਰਮ ਪ੍ਰਚਾਰ ਕਮੇਟੀ, ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਦਲ ਬਾਬਾ ਬਿਧੀਚੰਦ ਵੱਲੋਂ ਭਾਈ ਸਤਨਾਮ ਸਿੰਘ ਅਕਾਲੀ, ਭਾਈ ਇਕਬਾਲ ਸਿੰਘ ਤੁੰਗ, ਭਾਈ ਭੁਪਿੰਦਰ ਸਿੰਘ ਗਦਲੀ, ਦਿਲਬਾਗ ਸਿੰਘ ਅਜ਼ਾਦ ਕਿਸਾਨ ਸੰਘਰਸ਼ ਕਮੇਟੀ, ਮੰਗਲ ਸਿੰਘ ਕਿਸਾਨ ਸੰਘਰਸ਼ ਕਮੇਟੀ, ਸਾਬਕਾ ਡਾਇਰੈਕਟਰ ਖੇਤੀਬਾੜੀ ਸ: ਨਾਜ਼ਰ ਸਿੰਘ, ਸਰਪੰਚ ਬਲਬੀਰ ਸਿੰਘ ਵਡਾਲੀ ਡੋਗਰਾਂ, ਬਲਕਾਰ ਸਿੰਘ , ਰਜਵਿੰਦਰ ਸਿੰਘ, ਬਾਬਾ ਛਮਾ, ਦਲਜੀਤ ਸਿੰਘ ਬਿਟੂ, ਮੁਖਵਿੰਦਰ ਗੁਰਭੇਜ ਸਿੰਘ, ਅਜੀਤ ਸਿੰਘ ਸੈਕਟਰੀ, ਮਨਦੀਪ ਸਿੰਘ ਨਵਾਂਕੋਟ, ਲਖਵਿੰਦਰ ਸਿੰਘ ਸੈਕਟਰੀ, ਦਿਲਬਾਗ ਸਿੰਘ, ਕਰਤਾਰ ਸਿੰਘ, ਸੁਖਰਾਮ ਸਿੰਘ ਲੁਹਾਰਕਾ, ਦਵਿੰਦਰ ਸਿੰਘ ਕਿਸਾਨ ਸੰਘਰਸ਼ ਕਮੇਟੀ, ਪ੍ਰਮਜੀਤ ਸਿੰਘ ਆਦਿ ਮੌਜੂਦ ਸਨ।

ਕੇਅਰਗੀਵਰ ਦੀ ਲੋੜ CAREGIVER NEEDED
ਸਕਾਰਬਰੋ ਦੇ ਬ੍ਰਿਮਲੀ ਤੇ ਫਿੰਚ ਏਰੀਏ ਵਿਚ ਇਕੱਲੀ ਮਾਤਾ ਦੀ ਦੇਖਭਾਲ ਲਈ ਲਿਵ-ਇਨ ਕੇਅਰਗੀਵਰ ਦੀ ਲੋੜ ਹੈ। ਰਹਿਣ ਅਤੇ ਖਾਣ ਦਾ ਪ੍ਰਬੰਧ ਹੋਵੇਗਾ। ਜਲਦੀ ਸ਼ੁਰੂ ਕਰ ਸਕਦੇ ਹੋ। ਤਨਖਾਹ ਤੇ ਹੋਰ ਜਾਣਕਾਰੀ ਲਈ ਟੈਕਸਟ ਜ਼ਾਂ ਕਾਲ ਕਰੋ:



Mature, Caregiver needed for elderly mom in Scarborough Brimley/ Finch area. Includes free meals & accomodation. Price is negotiable.
Harmeet: 416-845-0905

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909,
416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।
ਸੰਪਰਕ: 647-391-3365

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre




AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh



416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best



CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK



EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
3+1 bdrms with finished Basement



Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਪੰਜਾਬੀਆਂ ਲਈ ਚੋਣਾਂਵੀ ਖੇਰਾਤੀ ਵਾਅਦੇ



-ਦਲਵਿੰਦਰ ਸਿੰਘ ਘੁੰਮਣ-

ਅੰਤਰਰਾਸ਼ਟਰੀ ਮਾਪਦੰਡ ਤੇ ਲੋਕਤੰਤਰ ਦੇਸ਼ਾਂ ਵਿੱਚ ਚੋਣਾ ਲਈ ਇਹ ਨਿਰਣਾ ਕਰਨ ਲਈ ਕਿ ਚੋਣਾਂ ਵਿੱਚ ਪਾਰਦਰਸ਼ੀ ਤਰੀਕੇ ਜਾਂ ਗੈਰ-ਕਾਨੂੰਨੀ ਤਾਰੀਕੇ ਅਪਨਾਏ ਗਏ ਹਨ ਦੇ ਬਹੁਤ ਸਾਰੇ ਨਿਯਮ ਨਿਰਧਾਰਤ ਹੁੰਦੇ ਹਨ। ਜ਼ਿਆਦਾਤਰ ਚੋਣਾਂ ਦਾ ਨਤੀਜਾ ਸਮਾਜਿਕ ਮਾਹੌਲ ਅਨੁਸਾਰ ਦੇਸ਼ ਜਾਂ ਰਾਜ ਦੇ ਸੰਗਠਿਤ ਪ੍ਰਭਾਵ ਦਾ ਨਤੀਜਾ ਹੁੰਦਾ ਹੈ। "ਆਜ਼ਾਦ ਚੋਣਾਂ " ਦਾ ਹੋਣਾਂ, ਆਜ਼ਾਦੀ ਨਾਲ ਚੋਣਾ ਦਾ ਹੋਣਾਂ, ਸੁਤੰਤਰ ਪ੍ਰਗਟਾਵੇ ਦੇ ਅਧਿਕਾਰ ਨਾਲ ਚੋਣਾਂ ਦਾ ਹੋਣਾਂ, ਪਾਰਦਰਸ਼ਤਾ ਨਾਲ ਹੋਣਾ ਇਕ ਵੱਡੇ ਪੱਖ ਦੇ ਨਾਲ ਨਾਲ ਸੁਆਲ ਵੀ ਹੈ। ਰਾਜਨੀਤੀ ਵਿੱਚ ਗੈਰ ਕਾਨੂੰਨੀ ਵਿੱਤੀ ਸਹਾਇਤਾ ਦੇਣ ਵਾਲੇ ਵਿਸ਼ੇਸ਼ ਹਿੱਤਾਂ ਵਾਲੇ ਸਮੂਹਾਂ ਦੇ ਹੱਕ ਵਿੱਚ ਨਤੀਜਾ ਹੋਣਾ ਅਤੇ ਮੀਡੀਆ ਦੇ ਮਹੱਤਵਪੂਰਣ ਅਤੇ ਪੱਖਪਾਤ ਰੋਲ ਵੀ ਚੋਣਾ ਦੇ ਵੱਡੇ ਨਾਕਾਰ-ਆਤਮਿਕ ਨਤੀਜੇ ਹੋਣ ਦੇ ਸਬੂਤ ਜਾਂ ਪਗਟਾਵੇ ਹਨ। ਇਸ ਸੱਭ ਦੇ ਵਿੱਚ ਸਰਕਾਰਾਂ ਦਾ ਨਿਰਪੱਖ ਹੋਣ ਤੇ ਵੱਡੇ ਕਿੰਤੂ-ਪਰੰਤੂ ਅਤੇ ਦੋਸ਼ ਮੁਕਤ ਹੋਣਾ ਮੁਸ਼ਕਲ ਹੈ। ਅਜ਼ਾਦ ਤੌਰ ਤੇ ਚੋਣਾ ਕਰਵਾਉਣ ਦੇ ਦਾਅਵੇ ਤੇ ਪੂਰੀ ਮਸ਼ੀਨਰੀ ਕਦੇ ਪੂਰੀ ਉਤਰਦੀ ਵਿਖਾਈ ਨਹੀ ਦਿੰਦੀ।

ਦੁਨਿਆਂ ਵਿੱਚ ਲੋਕਤੰਤਰ ਸਿਧਾਂਤ ਅਸਲ ਮੂਲ ਤੋ ਹੇਠਾਂ ਡਿੱਗਿਆ ਹੈ। ਅੱਜ ਭਾਰਤ ਦੀ ਸਿਆਸਤ ਵਿੱਚ ਰਾਜ ਪ੍ਰਬੰਧ ਦੀ ਕੁਰਸੀ ਦੀਆਂ ਵੀ ਤਿੰਨ ਹੀ ਲੱਤਾਂ ਨਜ਼ਰ ਆ ਰਹੀਆਂ ਹਨ। ਜ਼ਮਹੂਰੀਅਤ ਦੀ ਮਜਬੂਤ ਲੱਤ ਦਾ ਨਾਂ ਹੋਣਾ ਜਾਂ ਟੁੱਟੇ ਸਮਾਨ ਹੋਣਾ ਅਜੋਕੇ ਭਾਰਤ ਦੀ ਲੋਕ ਪ੍ਰਣਾਲੀ ਤਸਵੀਰ ਵਿੱਚੋ ਸਾਫ ਨਜ਼ਰ ਆ ਰਿਹਾ ਹੈ। ਲੋਕਤੰਤਰ ਵਿੱਚੋ ਲੋਕਾਂ ਨੂੰ ਕੱਢ ਕੇ ਕੇਵਲ ਤੰਤਰ ਹੀ ਸਮਝ ਆ ਰਿਹਾ ਹੈ। ਭਾਰਤ ਦੀ ਅਸਲ ਸਥਿਤੀ ਵਿੱਚੋ ਨਵ-ਤਬਦੀਲੀ, ਆਰਥਿਕਤਾ ਦੇ ਉਭਾਰ ਕਿਤੇ ਵੀ ਨਜ਼ਰ ਨਹੀ ਆ ਰਿਹਾ। ਅੱਜ ਕੇਵਲ ਰਾਜਨੀਤੀ ਹੀ ਨਜ਼ਰ ਆ ਰਹੀ ਹੈ। ਦੁਨਿਆਂ ਦੀ ਵਕਤੀ ਫੇਲ ਹੋਈ ਅਰਥ ਵਿਵਸਥਾ, ਕਰੋਨਾ ਵਰਗੀਆਂ ਭਿਆਨਕ ਬੀਮਾਰੀ ਨਾਲ ਤਬਾਹੀ ਨੇ ਕੇਵਲ ਸਾਹ ਲੈਣ ਤੱਕ ਸੀਮਤ ਕੀਤਾ ਹੈ। ਭਾਰਤ ਸਰਕਾਰ ਦੇ ਪ੍ਰੁੱਖਤਾ ਯਤਨ ਨਾ ਹੋਣ ਕਰਕੇ ਲੱਖਾ ਲੋਕਾਂ ਦੀਆ ਅਜਾਈ ਮੋਤਾਂ ਹੋਈਆਂ ਹਨ। ਸਰਕਾਰ ਕੇਂਦਰ ਦੀ ਹੋਵੇ ਜਾਂ ਰਾਜਾਂ ਦੀ ਸਭ ਫੇਲ ਸਾਬਤ ਹੋ ਰਹੀਆਂ ਹਨ। ਚੰਗੇ ਪ੍ਰਬੰਧ ਦੇਣ ਵਿੱਚ ਕੇਰਲ ਰਾਜ ਦੀ ਸਰਕਾਰ ਅੱਜ ਉਦਾਹਰਣ ਬਣ ਸਕਦੀ ਹਨ। ਜਿਸ ਨੇ ਲੋਕ ਰਾਜ ਕਾਇਮ ਕਰਨ ਅਤੇ ਤਰੱਕੀ ਲਈ ਯਤਨ ਨਹੀ ਛੱਡੇ। ਅੱਸੀ ਫੀਸਦੀ ਰਾਜਨੀਤੀ ਜ਼ੁਰਮ ਦੀ ਦਲਦਲ ਵਿੱਚ ਧੱਸੀ ਹੋਈ ਹੈ। ਮਾਫੀਆ, ਗੈਂਗਸਟਰ ਕਿਸੇ ਸਮੇ ਰਾਜਨੀਤੀ ਤੋ ਭੈਅ ਖਾਦਾ ਸੀ। ਸਰਕਾਰਾ ਦੇ ਚੰਗੇ ਚਲਣ ਲਈ ਅਫੀਸਰਸ਼ਾਹੀ ਲੋਕ-ਰਾਜ ਦੀ ਸੋਂਹ ਚੁੱਕਦੀਆ ਸਨ ਪਰ ਹੁਣ ਸੱਭ ਰਾਜਨੀਤਕ ਲੋਕਾਂ ਦੇ ਦਰਵਾਜੇਆਂ ਤੇ ਨੱਕ ਰਗੜਨ ਤੋ ਵੱਧ ਕੁਝ ਵੀ ਨਹੀ। ਰਾਜ ਕਰਨ ਜਾਂ ਸੱਤਾ ਤੇ ਕਾਬਜ਼ ਹੋਣ ਦੀ ਰਾਜਨੀਤੀ ਭਾਰਤ ਵਿੱਚ ਬਹੁਤ ਪਿਛਾਂਹ ਖਿੱਚੂ, ਰੂੜੀਵਾਦੀ ਦੇ ਨਾਲ ਨਾਲ ਸੱਭ ਤੋ ਮਾਰੂ ਨਸਲਵਾਦੀ ਸੋਚ ਦਾ ਪ੍ਰਭਾਵ ਛੱਡ ਰਹੀ ਹੈ ਜਿਸ ਨਾਲ ਸਮਾਜ ਵਿੱਚ ਵੱਡੇ ਪਾੜਾ ਪੈਣ ਦੀਆਂ ਸੰਭਾਵਨਾਵਾਂ ਵੱਧੀਆ ਹਨ। ਕਿਤੇ ਨਾ ਕਿਤੇ ਹਰ ਵਰਗ ਅਸੁਰੱਖਿਆ ਦੀ ਭਾਵਨਾ ਨਾਲ ਵਿਚਰਦਾ ਵਿਖਾਈ ਦਿੰਦਾ ਹੈ। ਦੰਗੇ ਹੋਣੇ, ਅੱਤਵਾਦ ਦਾ ਪ੍ਰਭਾਵ ਦੇ ਕੇ ਦੇਸ਼ ਲਈ ਵੱਡਾ ਖਤਰਾ ਚੋਣਾ ਜਿੱਤਣ ਦੇ ਹੱਥਕੰਡੇ ਹਨ। ਪੈਸੇ ਦਾ ਖੁੱਲਾ ਲੈਣ ਦੇਣ ਜ਼ੁਰਮ ਵਿੱਚ ਵਾਧਾ ਦਾ ਮੁਖਧਾਰ ਹੈ। ਜਿਉ ਜਿਉ ਚੋਣਾ ਨੇੜੇ ਆ ਰਹੀਆ ਹਨ ਹਰ ਪਾਰਟੀ ਆਪਣੇ ਅਜੰਡੇ ਵਿੱਚ ਝੂਠ ਨਾਲ ਲਿਬਰੇਜ਼, ਨਾ ਪੂਰੇ ਹੋ ਸਕਣ ਵਾਲੇ ਵਾਅਦਿਆਂ ਦੀਆਂ ਟੋਕਰੀਆਂ ਗਲੀ ਗਲੀ, ਮੁਹੱਲੇ ਮੁਹੱਲੇ, ਸ਼ਹਿਰ ਸ਼ਹਿਰ ਲੈ ਕੇ ਘੁੰਮਣਾ ਸ਼ੁਰੂ ਕਰ ਦਿਤਾ ਹੈ। ਕੋਈ ਦਾਲ ਚੌਲ ਦੀਆਂ ਖੇਰਾਤ ਵੰਡ ਰਿਹਾ ਹੈ ਕੋਈ ਸ਼ਗਨ ਸਕੀਮਾਂ, ਕੋਈ ਸਾਈਕਲ ਸਕੀਮ, ਕੋਈ ਮੋਬਾਇਲ ਸਕੀਮ। ਭਾਵੇ ਕਿ ਚੋਣਾਂ ਅੱਗਲੇ ਸਾਲ 2022 ਦੇ ਸ਼ੁਰੂ ਵਿੱਚ ਹੋਣੀਆ ਹਨ ਪਰ ਝੂਠ ਦੇ ਪਸਾਰੇ ਲਈ ਹਮੇਸ਼ਾ ਜਿਆਦਾ ਵਕਤ ਲੱਗਦਾ ਹੈ। ਇਸੇ ਲਈ ਸਾਰੀਆਂ ਪਾਰਟੀਆ ਨੇ ਪੰਜਾਬ ਵਾਸੀਆਂ ਨੂੰ ਝੂਠ ਦੇ ਗੋਲਗੱਪੇ ਹੁਣ ਤੋ ਹੀ ਦੇਣੇ ਸ਼ੁਰੂ ਕੀਤੇ ਹਨ। ਦੇਸ਼ ਵਿੱਚ ਕਿਸਾਨੀ ਦੀ ਬੱਦਤਰ ਹਾਲਤ ਅਤੇ ਚੱਲ ਰਹੇ ਕਿਸਾਨੀ ਮੋਰਚਾ ਦਾ ਸਿਆਸਤ ਵਿੱਚ ਕੇਂਦਰੀ ਮੁੱਦਾ ਹੈ ਇਸੇ ਲਈ ਕਿਸਾਨੀ ਲਈ ਲੁਭਾਵਨੇ ਨੁਕਤਿਆ ਉੱਪਰ ਪਕੜ ਬਣਾਕੇ ਚੋਣ ਸੋਸ਼ਣ ਕੀਤਾ ਜਾਣਾ ਸ਼ੁਰੂ ਹੋਇਆ ਹੈ। ਕਿਸੇ ਪਾਰਟੀ ਦਾ ਪੰਜਾਬ ਪ੍ਰੀ ਸਰਬ-ਪੱਖੀ ਵਿਕਾਸ ਦਾ ਅਜੰਡਾ ਨਜ਼ਰ ਅੰਦਾਜ਼ ਹੈ। ਪੰਜਾਬ ਦੇ ਕੇਵਲ ਮੁੱਦੇ ਦਾਲ ਚੋਲ ਜਾਂ ਮੁਫਤ ਬਿਜਲੀ ਨਹੀ। ਧਾਰਮਿਕ ਬੇਇੰਨਸਾਫੀ, ਆਰਥਿਕ ਬੇਇੰਨਸਾਫੀ ਦੇ ਨਾਲ ਕੇਂਦਰ ਵਲੋਂ ਪੰਜਾਬ ਨਾਲ ਵਿਤਕਰੇ ਵਾਲੀ ਨੀਤੀ ਨੇ ਲੋਕਾਂ ਵਿੱਚ ਆਵਿਸਵਾਸ਼ ਦੀ ਭਾਵਨਾਂ ਨੂੰ ਪ੍ਰਬਲ ਕੀਤਾ ਹੈ।

ਵੀਹ ਸੋ ਬਾਈ ਦੀਆਂ ਪੰਜਾਬ ਵਿੱਚ ਇਲੈਕਸ਼ਨਾਂ ਨੇ ਕਰੀਬ ਕਰੀਬ ਇਕ ਸਾਲ ਪਹਿਲਾਂ ਹੀ ਗੁਪਤ ਸਮਝੋਤਿਆਂ ਤੋ ਸ਼ੁਰੂ ਹੋ ਕੇ ਟਿਕਟਾਂ ਦੀ ਵੰਡ ਤੱਕ ਪਾਰਟੀਆਂ ਵਿੱਚ ਵੱਡਾ ਉਥਲ ਪੁਥਲ ਵੇਖਣ ਨੂੰ ਮਿਲ ਰਿਹਾ ਹੈ। ਟਿਕਟਾਂ ਦੀ ਵੰਡ ਤੋ ਚੋਣਾ ਤੱਕ ਦਾ ਸਮਾਂ ਬਾਂਦਰ ਟਪੂੱਸੀਆਂ ਦਾ ਹੋ ਜਾਵੇਗਾ। ਜਿਹਨਾਂ ਦਾਆਵੇਦਾਰਾਂ ਨੂੰ ਟਿਕਟਾਂ ਨਹੀ ਮਿਲਦੀਆਂ ਉਹ ਧੜੇ ਬਦਲਦੇ ਵਿਖਾਈ ਦਿੰਦੇ ਹਨ। ਜਾਂ ਪਾਰਟੀ ਵਿੱਚ ਰਹਿ ਕੇ ਆਪਣੇ ਰੋਸ ਦਰਜ਼ ਕਰਵਾਉਦੇ ਹੋਏ ਆਪਣੇ ਹਲਕੇ ਵਿੱਚ ਆਪਣੇ ਹੀ ਉਮੀਦਵਾਰ ਨੂੰ ਹਰਾਉਣ ਲਈ ਵੱਧ ਪੱਬਾਂ ਭਾਰ ਹੋ ਜਾਦੇ ਹਨ ਤਾਂ ਕਿ ਇਸ ਦੇ ਹਾਰਨ ਨਾਲ ਹੀ ਅੱਗਲੇ ਸਾਲਾਂ ਵਿੱਚ ਆਉਣ ਵਾਲੀਆਂ ਚੋਣਾਂ ਵਿੱਚ ਯੋਗ ਉਮੀਦਵਾਰ ਵਜ਼ੋਂ ਉਭਰ ਸਕੇ। ਬੇਰੁਜ਼ਗਾਰੀ ਦੀ ਮਾਰ ਝੱਲ ਰਹੀ ਨੌਜਵਾਨੀ ਦੀ ਸ਼ਾਤਰ ਲੀਡਰਸ਼ਿਪ ਰੱਜ ਕੇ ਜ਼ਾਇਜ-ਨਜਾਇਜ਼ ਕੰਮਾਂ ਲਈ ਵਰਤੋ ਕਰਨਗੇ। ਇਕ ਸਾਲ ਰਹਿੰਦੇ ਚੋਣਾਂ ਤੱਕ ਲੱਗਭੱਗ ਸਟੇਟ ਸਰਕਾਰ ਦਾ ਪੂਰੇ ਦਾ ਪੂਰਾ ਕਾਰਜ ਰੁੱਕ ਗਿਆ ਹੈ। ਸਰਕਾਰ ਚਲਾ ਰਹੀ ਪਾਰਟੀ ਦਾ ਪੰਜ ਸਾਲ ਮਸ਼ੀਨਰੀ ਉਪਰ ਪੂਰਾ ਪ੍ਰਭਾਵ ਕਬੂਲਦੀ ਆਫੀਸਰਸ਼ਾਹੀ ਵੀ ਸਰਕਾਰ ਨੂੰ ਬਣੇ ਰਹਿਣ ਲਈ ਪੂਰਾ ਟਿੱਲ ਲਾਵੇਗੀ। ਇਸ ਤਰਾਂ ਹਰ ਹਰਬਾ ਜਾਇਜ਼ ਹੋ ਜਾਦਾਂ ਹੈ ਜਦੋ ਜਿੱਤ ਦੇ ਐਲਾਨ ਹੁੰਦੇ ਹਨ

ਹੁਣ ਤਾਜ਼ਾ ਤਾਜ਼ਾ ਆਮ ਪਾਰਟੀ ਦੇ ਮੁੱਖੀ ਅਰਵਿੰਦ ਕੇਜਰਵਾਲ ਨੇ ਬਿਜਲੀ ਦੀਆਂ ਮੁਫਤ ਯੂਨਿਟਾਂ ਦੀ ਲੁਭਾਉਣੀ ਖੇਰਾਤੀ ਚੋਣ ਜਿੱਤਣ ਲਈ ਸਕੀਮ ਲਿਆਂਦੀ ਹੈ। ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਤਰਕੀ ਲਈ ਕੋਈ ਠੋਸ ਪ੍ਰੋਗਰਾਮ ਨਾ ਦੇ ਕੇ ਬਿਜਲੀ ਮੁਆਫੀ ਦੇ ਦਿੱਲੀ ਸਟੇਟ ਵਾਲੇ ਕਸ਼ੂਫੇ ਨੂੰ ਦੁਹਰਾਇਆ ਹੈ। ਜੋ ਉਹਨਾਂ ਤੋ ਆਸ ਤੋ ਕਿਤੇ ਵੀ ਨੇੜੇ ਤੇੜੇ ਢੁੱਕਦਾ ਨਹੀ! ਦਿੱਲੀ ਅਤੇ ਪੰਜਾਬ ਦੇ ਧਰਾਤਲੀ ਸੰਕਟ ਇਕੋ ਜਿਹੇ ਨਹੀ। ਆਮ ਆਦਮੀ ਪਾਰਟੀ ਦਾ ਇੱਕ ਅਜੰਡਾ ਹੈ ਜੋ ਖਾਸ ਕਰਕੇ ਪੰਜਾਬ ਵਿੱਚ ਬਹੁਤ ਸ਼ੱਕੀ ਪ੍ਰਭਾਵ ਦੇ ਰਿਹਾ ਹੈ। ਪੰਜਾਬ ਨੂੰ ਕੋਈ ਬਦਲਵੀਂ ਵਿਕਾਸ ਨੀਤੀ ਦੇਣ ਵਿੱਚ ਖੁੰਜ਼ੀ ਕੇਵਲ ਤੇ ਕੇਵਲ ਮੁਫਤ ਖੋਰੀ ਦੇ ਐਲਾਨ ਕਰਨ ਨਾਲ ਸਰਕਾਰ ਬਣਾਉਣ ਦੀ ਮੰਨਸ਼ਾ ਨੰਗੀ ਹੋਈ ਹੈ। ਇਹ ਨਹੀ ਦੱਸਿਆ ਜਾ ਰਿਹਾ ਕੇ ਪੰਜਾਬ ਲਈ ਆਰਥਕ ਸਾਧਨ ਕਿਵੇ ਕਾਇਮ ਕੀਤੇ ਜਾਣਗੇ। ਕਿਹੜੀ ਰਣਨੀਤੀ ਰਾਜ ਨੂੰ ਲੱਖਾਂ ਕਰੋੜਾਂ ਦੇ ਕਰਜੇ ਮੁਕਤੀ ਦੇ ਰਾਹ ਖੋਲੇਗੀ। ਦੂਜੀਆਂ ਪਾਰਟੀਆ ਵਾਂਗ ਹੀ ਪੰਜਾਬ ਦੇ ਜਰਹਾ-ਜਰਹਾ ਨੂੰ ਕਰਜਾਈ ਬਣਾਉਣ ਲਈ ਮੁਫਤ ਬਿਜਲੀ ਦੇ ਐਲਾਨ ਕੀਤੇ ਜਾ ਰਹੇ ਹਨ।

ਕੈਪਟਨ ਸਰਕਾਰ ਦੇ ਪੂਰੇ ਕਾਰਜ ਕਾਲ ਵਿੱਚ ਹੱਥ ਤੇ ਹੱਥ ਰੱਖ ਕੇ ਬੈਠੇ ਰਹਿਣ ਨਾਲ ਪੰਜਾਬ ਲਈ ਕੋਈ ਵਿਉਤੀਂ ਉਭਾਰ ਜਾਂ ਠੋਸ ਪ੍ਰਾਪਤੀ ਨਹੀ ਮਿਲੀ। ਸ਼੍ਰੀ ਕਰਤਾਰਪੁਰ ਸਾਹਿਬ ਦੇ ਲਾਘੇਂ ਦੀ ਸ਼ਲਾਘਾ ਨਵਜੋਤ ਸਿੰਘ ਸਿੱਧੂ ਲੈ ਗਿਆ। ਪੰਜਾਬ ਪਾਣੀਆ ਦਾ ਹਰਿਆਣਾ ਨਾਲ ਅਦਾਲਤੀ ਕੇਸ ਵੀ ਹਾਰ ਚੁੱਕਿਆ ਹੈ। ਬਰਗਾੜੀ ਦੇ ਇੰਨਸਾਫ ਦੀ ਤਸਵੀਰ ਵੀ ਧੁੰਦਲੀ ਪੈ ਗਈ ਹੈ। ਕਾਂਗਰਸ ਪਿਛਲੇ ਪੂਰੇ ਕਾਰਜ ਕਾਲ ਵਿੱਚ ਫੇਲ ਸਾਬਤ ਹੋਈ ਹੈ। ਕੋਈ ਵੀ ਨਵੀ ਪਾਲਸੀ, ਜਾ ਰੋਡ ਮੇਪ ਤਿਆਰ ਨਹੀ ਕਰ ਸਕੀ ਜਿਸ ਤੋ ਕੋਈ ਆਸ ਬੰਨੀ ਜਾ ਸਕੇ ਕਿ ਆਉਣ ਵਾਲੀਆ ਚੋਣਾ ਵਿੱਚ ਕੋਈ ਚਮਤਕਾਰ ਹੋਵੇਗਾ। ਬੇ-ਰੁਜਗਾਰੀ, ਕਿਸਾਨੀ, ਪਾਣੀ ਲਈ ਕੋਈ ਯਤਨ ਵਿਖਾਈ ਨਹੀ ਦਿੱਤੇ। ਕਰਜ਼ਾ ਮੁਆਫੀ ਵੱਡਾ ਵਾਅਦਾ ਹੋਣ ਤੋ ਬਾਅਦ ਪੂਰਾ ਨਾ ਹੋਣ ਨਾਲ ਕਿਸਾਨੀ ਨਿਰਾਸ਼ ਹੋਈ ਹੈ। ਆਉਣ ਵਾਲੀਆ ਚੋਣਾ ਵਿੱਚ ਕਾਂਗਰਸ ਪਾਰਟੀ ਨੂੰ ਅੰਦਰਲੇ ਵਿਰੋਧ ਦੀ ਵੀ ਵੱਡਾ ਸਮੱਸਿਆ ਨਾਲ ਝੂਜਣਾ ਪੈ ਸਕਦਾ ਹੈ। ਨਵਜੋਤ ਸਿੰਘ ਸਿੱਧੂ ਨੇ ਕੈਪਟਨ ਸਰਕਾਰ ਨੂੰ ਪੁੱਠੀ ਭੂਆਟਨੀ ਦਿੱਤੀ ਹੋਈ ਹੈ। ਉਸ ਨਾਲ ਪਾਰਟੀ ਦਾ ਇੱਕ ਵੱਡਾ ਵਰਗ ਹਿਮਾਇਤ ਲਈ ਖੜਾ ਹੈ। ਖਾਸ ਕਰਕੇ ਪਿੰਅਕਾਂ ਗਾਂਧੀ ਦੇ ਉਹ ਚਹੇਤੇ ਆਗੂ ਹਨ। ਹੋ ਸਕਦਾ ਹੈ ਇਸ ਵਾਰ ਕਾਂਗਰਸ ਵਲੋਂ ਮੁੱਖ ਮੰਤਰੀ ਦੇ ਚਿਹਰੇ ਦੇ ਤੌਰ ਤੇ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਮਨਫੀ ਹੋਵੇ।

ਚੋਣਾਂ ਲੜਨ ਅਤੇ ਗੱਠਬੰਧਣ ਦੀ ਪਹਿਲ ਕਦਮੀ ਸ਼੍ਰੌਮਣੀ ਅਕਾਲੀ ਦਲ ਬਾਦਲ ਅਤੇ ਬਸਪਾ ਨੇ ਕਰਕੇ ਗਰਮੀ ਵਧਾ ਦਿੱਤੀ ਹੈ। ਭਾਵੇ ਕਿ ਕਿਆਸ ਆਰਾਈਆਂ ਪਿਛਲੇ ਮਹੀਨੀਆਂ ਤੋ ਬਣ ਗਈਆਂ ਸਨ। ਜਦੋ ਤੋ ਬਸਪਾ ਪ੍ਰਧਾਨ ਜਸਵੀਰ ਸਿੰਘ ਗੜੀ ਨੇ ਬਾਦਲ ਪ੍ਰੀਵਾਰ ਨਾਲ ਚੋਣ ਸਮਝੌਤਿਆਂ ਦੇ ਸੰਭਾਵਨਾਂ ਦੇ ਚੱਲਦੇ ਉਹਨਾਂ ਦਾ ਜਨਤਕ ਤੌਰ ਤੇ ਵਿਰੋਧ ਬੰਦ ਕਰ ਦਿੱਤਾ ਸੀ। ਭਾਜਪਾ ਨਾਲ ਤੋੜ ਵਿਛੋੜੇ ਤੋ ਬਾਅਦ ਸ਼੍ਰੌਮਣੀ ਅਕਾਲੀ ਦਲ ਬਾਦਲ ਨਾਲ ਗੱਠਬੰਧਨ ਦੀਆਂ ਕੌਸਿਸ਼ਾ ਲਈ ਦੋਵਾਂ ਪਾਸਿਆਂ ਤੋ ਵੱਡੀਆਂ ਪਹਿਲ ਕਦਮੀਆਂ ਹੋਈਆਂ। ਹਾਲਾਤ ਦੋਵਾਂ ਪਾਰਟੀਆਂ ਦੇ ਬਹੁਤ ਸਥਿਰ ਨਹੀ ਹਨ। ਵੱਖ ਵੱਖ ਸਮਿਆਂ ਤੇ ਭਾਜਪਾ ਨਾਲ ਕੀਤੇ ਸਮਝੋਤਿਆਂ ਨਾਲ ਆਪੋ ਆਪਣੇ ਵੋਟ ਬੈਂਕ ਨੂੰ ਲੱਗੇ ਖੋਰੇ ਨੂੰ ਬਚਾਉਣ ਲਈ ਇਕ ਯਤਨ ਵਜੋਂ ਹੈ। ਦੋਵਾਂ ਪਾਰਟੀਆ ਦੀ ਸਤਾ ਲਾਲਸਾ ਨੇ ਬਾਰ ਬਾਰ ਆਪਣੇ ਵੋਟਰ, ਭਾਈਚਾਰੇ ਨੂੰ ਨਿਰਾਸ਼ ਕੀਤਾ। ਬਸਪਾ ਸੁਪਰੀਮੋ ਭੈਣ ਮਾਇਆਵਤੀ ਬਾਬੂ ਕਾਂਸ਼ੀ ਰਾਮ ਦੇ ਮਿਸ਼ਨ ਤੇ ਪੂਰਾ ਨਹੀ ਉਤਰ ਸਕੀ। ਬਾਬਾ ਭੀਮ ਰਾਉ ਅੰਬੇਦਕਰ ਤੋ ਬਾਅਦ ਬਾਬੂ ਕਾਂਸ਼ੀ ਰਾਮ ਅਜਿਹੇ ਦਰਵੇਸ਼ ਦਲਿਤ ਲੀਡਰ ਹੋਏ ਹਨ ਜਿੰਨਾ ਪੰਜਾਬ ਦੀ ਧਰਤੀ ਤੋ ਉਠ ਕੇ ਪੈਦਲ, ਸਾਇਕਲ ਨਾਲ ਗਰੀਬ ਲਤਾੜੇ ਦਲਿਤ ਲੋਕਾਂ ਨੂੰ ਸਾਰੇ ਭਾਰਤ ਵਿੱਚ ਲਾਮਬੰਦ ਕੀਤਾ। ਪਾਰਟੀ ਨੂੰ ਕੇਂਦਰ ਵਿੱਚਲੀ ਰਾਜਨੀਤੀ ਦੇ ਬਰਾਬਰ ਇੱਕ ਧਿਰ ਬਣਾਇਆ। ਪਰ ਗਲਤ ਰਾਜਨੀਤਕ ਸਮਝੋਤਿਆ ਦੇ ਨਾਲ ਨਾਲ ਕੁਰੱਪਸ਼ਨ ਦੇ ਚਲਦਿਆਂ ਰਾਜਨੀਤੀ ਵਿੱਚ ਸਾਹ ਸੂਤ ਕੇ ਬੈਠਣਾ ਭੈਣ ਮਾਈਆਵਤੀ ਦੀ ਪਾਰਟੀ ਲਈ ਘਾਤਕ ਸਿੱਧ ਹੋਇਆ ਹੈ। ਗਰੀਬ ਲਤਾੜੇ ਤਬਕੇ ਲੋਕਾਂ ਦੀ ਅਵਾਜ ਨਾ ਬਣ ਸਕਣਾ ਉਹਨਾਂ ਲਈ ਘਾਟੇ ਦਾ ਸਬੱਬ ਬਣਿਆਂ।

ਦੂਜੇ ਪਾਸੇ ਅਕਾਲੀ ਦਲ ਬਾਦਲ ਦਾ ਵੀ ਇਹੋ ਹਾਲ ਹੋਇਆ ਹੈ। ਭਾਵੇ ਬੀਤੀਆਂ ਬਾਦਲ ਸਰਕਾਰ ਨੇ ਬਿਜਲੀ ਦੇ ਮੁੱਦੇ ਤੇ ਬਹੁਤ ਸਾਰੀਆਂ ਸਰਕਾਰਾਂ ਬਣਾਈਆਂ ਹਨ। ਖੇਤੀ ਲਈ ਫਰੀ ਬਿਜਲੀ ਦੇ ਕੇ ਕਿਸਾਨਾਂ ਦੀ ਹਤੇਸ਼ੀ ਰਹੀ ਹੈ। ਇਸੇ ਕਰਕੇ ਹੀ ਪੰਜਾਬ ਦੇ ਕਿਸਾਨੀ ਵੋਟ ਹਮੇਸ਼ਾ ਬਾਦਲ ਪ੍ਰੀਵਾਰ ਦੀ ਜੇਬ ਵਿੱਚ ਰਿਹਾ ਹੈ। ਪਰ ਪੰਜਾਬ ਨਾਲੋ ਵੱਧ ਬਾਦਲ ਪ੍ਰੀਵਾਰ ਰਾਜਨੀਤਕ ਅਤੇ ਆਰਥਿਕ ਲਾਭ ਦੀ ਲਾਲਸਾ ਪੰਜਾਬ ਦੀ ਅੱਜ ਦੀ ਦੁਰਦਸ਼ਾ ਦੇ ਮੁੱਖ ਜਿੰਮੇਵਾਰ ਹੈ। ਪੰਜਾਬ ਦੇ ਪਾਣੀਆ, ਪੰਜਾਬੀ ਬੋਲਦੇ ਇਲਾਕਿਆਂ, ਪੰਜਾਬ ਦੀ ਰਾਜਧਾਨੀ ਚੰਡੀਗੜ੍ ਨੂੰ ਲੈਣਾ, ਪੰਜਾਬ ਦੇ ਵੱਧ ਹੱਕਾਂ ਦੀ ਗੱਲ ਕਰਨੀ ਛੱਡ ਕੇ ਭਾਜਪਾ ਦੇ ਹਰ ਉਸ ਕੰਮ ਨੂੰ ਹਿਮਾਇਤ ਕੀਤੀ ਜੋ ਕਦੇ ਅਕਾਲੀ ਦਲ ਦੇ ਆਪਣੇ ਇਤਿਹਾਸ ਵਿੱਚ ਸ਼ਾਮਲ ਨਹੀ ਸੀ। ਸ਼੍ਰੌਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਸਮੇਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਦੁਵਰਤੋ ਕਰਕੇ ਸਿੱਖਾਂ ਵਿੱਚ ਆਪਣੇ ਅਕਸ ਨੂੰ ਖਤਮ ਕਰ ਲਿਆ ਹੈ। ਖਾਸ ਕਰ ਸਾਧ ਬਾਬਾ ਰਾਮ ਰਹੀਮ ਨੂੰ ਬਿਨਾ ਮੰਗਿਆਂ ਮੁਆਫੀ ਦਿਤੇ ਜਾਣਾ ਬਾਦਲ ਪ੍ਰੀਵਾਰ ਦਾ ਵੱਡਾ ਨੁੱਕਸਾਨ ਕਰ ਗਿਆਂ। ਗੁਰੂ ਗ੍ਰੰਥ ਸਾਹਿਬ ਦੀ ਬੇ-ਆਦਬੀ ਦਾ ਡੇਰੇ ਪ੍ਰੇਮੀਆਂ ਵਲੋਂ ਨਿਰਾ-ਦਰ ਕਰਨ ਤੇ ਕੋਈ ਕਾਰਵਾਈ ਨਾ ਕਰਕੇ ਸਗੋ ਉਸ ਵਿੱਚ ਸ਼ਾਮਲ ਹੋਣ ਦੇ ਇਲਜਾਮ ਲੱਗਣ ਨਾਲ ਪਾਰਟੀ ਦੀ ਬਹੁਤ ਦਸ਼ਾ ਵਿਗੜੀ ਹੈ। ਪੁਰਾਣੇ ਟਕਸਾਲੀ ਆਗੂਆਂ ਦਾ ਪਾਰਟੀ ਵਿਚੋ ਨਿਕਲ ਜਾਣ ਤੇ ਪਹਿਲੀ ਵਾਰ ਆਪਣੀ ਹੀ ਮਾਂ ਪਾਰਟੀ ਦੇ ਵਿਰੋਧ ਵਿੱਚ ਖੜੇ ਹੋਣ ਨਾਲ ਪੈਂਡੇ ਹੋਰ ਮੁਸ਼ਕਲ ਹੋਏ ਹਨ।

ਪੰਜਾਬ ਦੀ ਅਸਲ ਧਰਾਤਲ ਲੋੜਾਂ ਜਾਂ ਜਰੂਰਤ ਨੂੰ ਸਮਝਣ ਤੋ ਅਸਮੱਰਥ ਰਾਜਨੀਤਕ ਪਾਰਟੀਆ ਨੇ ਪੰਜਾਬ ਦੇ ਮਹਾਨ ਇਤਿਹਾਸ, ਪ੍ਰੰਪਰਾਵਾ, ਸੱਭਿਆਚਾਰ ਨੂੰ ਮਿੱਟੀ ਘੱਟੇ ਰੋਲਿਆ ਹੈ। ਗੈਰਤਮੰਦ ਪੰਜਾਬੀ ਕੌਮ ਨੂੰ ਅੱਜ ਖੇਰਾਤੀ ਬੋਟੀਆਂ ਸੁੱਟੀਆ ਜਾ ਰਹੀਆ ਹਨ। ਜੋ ਅਨਾਜ ਨਾਲ ਪੂਰੇ ਭਾਰਤ ਦਾ ਢਿੱਡ ਭਰਦਾ ਸੀ ਉਸ ਨੂੰ ਦਾਲ ਚੌਲ ਦੇ ਲਾਰੇ ਲਾ ਕੇ ਖਰੀਦਿਆ ਜਾ ਰਿਹਾ ਹੈ। ਜੋ ਕਿਸਾਨ ਆਪਣੀ ਜਮੀਨ ਲਈ ਪਾਣੀ ਮੰਗਦਾ ਹੈ ਉਸ ਦੇ ਹੱਕ ਲਈ ਕੋਈ ਧਿਰ ਨਹੀ ਬਣਿਆ। ਕੈਂਸਰ ਮਾਰੇ ਪੰਜਾਬ ਲਈ ਕੋਈ ਸਿਹਤ ਨੀਤੀ ਨਹੀ ਉਲੀਕਦਾ। ਕਰਜਾਈ ਹੋਏ ਪੰਜਾਬ ਦੀ ਕਰਜਾ ਮੁਕਤੀ ਯੋਜਨਾ ਲਈ ਕੋਈ ਐਲਾਨ ਨਹੀ ਕਰਦਾ। ਕੋਈ ਹਾਅ ਦਾ ਨਾਹਰਾ ਨਹੀ ਮਾਰ ਰਿਹਾ। ਸਾਰਾ ਸਿਸਟਿਮ ਪੰਜਾਬ ਦੀ ਤਾਸੀਰ ਨੂੰ ਠੰਡਾ ਕਰਨ ਦੀਆਂ ਸਕੀਮਾ ਘੜਨ ਵਿੱਚ ਕਾਮਯਾਬ ਹੋਇਆ ਨਜ਼ਰ ਆਉਦਾ ਹੈ। ਵੋਟਰਾਂ ਵਿੱਚ ਵੋਟ ਪ੍ਰੀ ਚੇਤਨਤਾ ਉਹਨੀ ਦੇਰ ਕਾਫੀ ਨਹੀ ਜਿੰਨੀ ਦੇਰ ਪਾਰਟੀ ਭਗਤ ਬਣਨ ਨਾਲੋ ਪੰਜਾਬ ਭਗਤ ਕੇ ਬਣਕੇ ਹਰ ਲੀਡਰ ਨੂੰ ਭਰੀ-ਪਰਿਆ ਵਿੱਚ ਲਿਖਤੀ ਅਹਿਦਨਾਮਾ ਨਹੀ ਲੈਂਦੇ, ਅਗਰ ਇਹ ਵਾਅਦੇ ਪੂਰੇ ਨਾ ਹੋਏ ਤਾਂ ਇਹਨਾਂ ਦੀ ਜੁਆਬ ਤਲਬੀ ਲਈ ਕਾਨੂੰਨੀ ਪੱਖ ਕਿਉ ਨਾ ਵਿਚਾਰਿਆ ਜਾਵੇ ? ਜਨਤਾ ਦੇ ਬੇਹਤਰੀ ਲਈ ਚੰਗੇ ਲੀਡਰਾਂ ਦੀ ਚੋਣ ਲੋਕਾਂ ਦਾ ਅਸਲ ਚਿਹਰਾ ਬਣ ਸਕਦਾ ਹੈ। ਖੇਰਾਤੀ ਬੋਟੀਆ ਸੁੱਟਣ ਵਾਲਿਆ ਨੂੰ ਵੋਟ ਦੀ ਅਹਿਮੀਆਤ ਦਾ ਅਹਿਸਾਸ ਕਰਾਉਣਾ ਹੀ ਅਸਲ ਜਮਹੂਰੀਆਤ ਦਾ ਰਾਹ ਫੜਨਾ ਹੈ।

# ਇਕ ਆਦਰਸ਼ਕ ਅਧਿਆਪਕ ਸਮਾਜ ਲਈ ਬ੍ਰਹਮ ਵਰਦਾਨ ਹੁੰਦਾ ਹੈ



ਸੁਰਜੀਤ ਸਿੰਘ ਫਲੋਰਾ

ਬ੍ਰੈਡ ਹੈਨਰੀ ਨੇ ਕਿਹਾ, "ਇੱਕ ਚੰਗਾ ਅਧਿਆਪਕ ਉਮੀਦ ਦੀ ਪ੍ਰੇਰਣਾ ਕਰ ਸਕਦਾ ਹੈ, ਕਲਪਨਾ ਨੂੰ ਭੜਕਾ ਸਕਦਾ ਹੈ, ਅਤੇ ਸਿੱਖਣ ਦਾ ਪਿਆਰ ਪੈਦਾ ਕਰ ਸਕਦਾ ਹੈ।

ਇਕ ਆਦਰਸ਼ਕ ਅਧਿਆਪਕ ਸਮਾਜ ਲਈ ਬ੍ਰਹਮ ਵਰਦਾਨ ਹੁੰਦਾ ਹੈ। ਉਹ ਦਿਲ ਅਤੇ ਆਤਮਾ ਨੂੰ ਆਪਣੇ ਵਿਦਿਆਰਥੀਆਂ ਦੇ ਅਧਿਆਪਨ ਅਤੇ ਕਰੀਅਰ ਬਣਾਉਣ ਲਈ ਸਮਰਪਿਤ ਹੁੰਦਾ ਹੈ। ਉਹ ਦਿਲੋਂ ਸਤਿਕਾਰ ਦਾ ਆਦੇਸ਼ ਦਿੰਦਾ ਹੈ। ਉਸ ਕੋਲ ਮਨੁੱਖ ਦੇ ਸਾਰੇ ਚੰਗੇ ਅਤੇ ਨੇਕ ਗੁਣ ਹੁੰਦੇ ਹਨ। ਵਿਦਿਆਰਥੀਆਂ ਲਈ, ਉਹ ਇੱਕ ਮਿੱਤਰ, ਦਾਰਸ਼ਨਿਕ ਅਤੇ ਇੱਕ ਖਿੱਚ ਦਾ ਮਾਰਗ ਦਰਸ਼ਕ ਹੁੰਦਾ ਹੈ। ਉਹ ਆਪਣੇ ਵਿਦਿਆਰਥੀਆਂ ਲਈ ਗਿਆਨ ਦੀ ਰੋਸ਼ਨੀ ਰੱਖਦਾ ਹੈ। ਉਸ ਕੋਲ ਚੰਗੀ ਯੋਗਤਾ ਹੁੰਦੀ ਹੈ। ਉਸ ਦੀਆਂ ਟਿੱਪਣੀਆਂ ਹਮੇਸ਼ਾਂ ਰਚਨਾਤਮਕ ਹੁੰਦੀਆਂ ਹਨ। ਅਜਿਹਾ ਅਧਿਆਪਕ ਵਿਦਿਆਰਥੀਆਂ ਦੀ ਪੂਰੀ ਜ਼ਿੰਦਗੀ ਨੂੰ ਸਵਾਰ ਦਿੰਦਾ ਹੈ। ਜੇ ਇਸ ਸੰਸਾਰ ਵਿਚ ਹਰ ਕੋਈ ਇਕ ਆਦਰਸ਼ ਅਧਿਆਪਕ ਬਣ ਜਾਂਦਾ ਹੈ, ਤਾਂ ਉਹ ਜ਼ਿੰਦਗੀ ਵਿਚ ਸ਼ਾਇਦ ਹੀ ਅਸਫਲ ਹੋਏਗਾ।

ਇੱਕ ਆਦਰਸ਼ ਅਧਿਆਪਕ ਪਹਿਲਾਂ ਇੱਕ ਸਮੱਸਿਆ ਹੱਲ ਕਰਨ ਵਾਲਾ ਹੁੰਦਾ ਹੈ। ਅਧਿਆਪਕ ਆਪਣੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਬਹੁਤ ਜ਼ੁੰਮੇਵਾਰ ਹੁੰਦੇ ਹਨ, ਬਿਨਾਂ ਕਿਸੇ ਲਾਲਚ ਜਾਂ ਉਮੀਦ ਕੀਤੇ ਉਹ ਬੱਚਿਆਂ ਨੂੰ ਪੜ੍ਹਾਉਂਦੇ ਹਨ, ਸਿਰਫ਼ ਤੇ ਸਿਰਫ ਇਕ ਹੀ ਉਮੀਦ ਰੱਖਦੇ ਹਨ ਕਿ ਬੱਚਾ ਚੰਗੇ ਨੰਬਰਾਂ ਨਾਲ ਪਾਸ ਹੋਵੇਂ, ਸਕੂਲ ਦੇ ਨਾਲ ਨਾਲ ਪਿੰਡ- ਸ਼ਹਿਰ ਤੇ ਦੇਸ਼ ਦਾ ਨਾਂ ਰੋਸ਼ਨ ਕਰੇ। ਹਰ ਵਿਦਿਆਰਥੀ ਦੂਸਰੇ ਨਾਲੋਂ ਵੱਖਰਾ ਹੁੰਦਾ ਹੈ ਅਤੇ ਸਥਿਤੀਆਂ ਪ੍ਰਤੀ ਵੱਖਰਾ ਪ੍ਰਤੀਕਰਮ ਦਿੰਦਾ ਹੈ। ਉਨ੍ਹਾਂ ਨੂੰ ਵਿਅਕਤੀਗਤ ਧਿਆਨ ਦੀ ਲੋੜ ਹੁੰਦੀ ਹੈ। ਇਕ ਆਦਰਸ਼ ਅਧਿਆਪਕ ਜਾਣਦਾ ਹੈ ਕਿ ਵਿਦਿਆਰਥੀਆਂ ਵਿਚ ਕਿੱਥੇ ਘਾਟ ਹੈ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਕੀ ਹੁੰਦੀਆਂ ਹਨ। ਉਹ ਕਦੇ ਵੀ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਸਮਝਣ ਵਿੱਚ ਅਸਫਲ ਨਹੀਂ ਹੁੰਦਾ ਅਤੇ ਉਨ੍ਹਾਂ ਦੇ ਪੱਧਰ ਨੂੰ ਪੂਰਾ ਕਰਨ ਦੀ ਪੂਰੀ -ਪੂਰੀ ਕੋਸ਼ਿਸ਼ ਕਰਦਾ ਹੈ। ਬਸ਼ਰਤੇ ਕਿ ਉਹ ਅਧਿਆਪਕ ਖੁਦ ਵੱਢੀ -ਰਿਸ਼ਵਤ ਦੇ ਕੇ ਸਰਕਾਰੀ ਨੌਕਰੀ ਪਰਿਵਾਰ ਦਾ ਪੇਟ ਤੇ ਸਰਕਾਰੀ ਨੋਟਾਂ ਲਈ ਟੀਚਰ ਬਣਿਆਂ ਹੋਵੇ।

ਇਕ ਆਦਰਸ਼ਕ ਅਧਿਆਪਕ ਆਪਣੇ ਚੰਗੇ ਚਰਿੱਤਰ ਅਤੇ ਸ਼ਿਸ਼ਟਾਚਾਰ ਦੇ ਜ਼ਰੀਏ ਆਪਣੇ ਵਿਦਿਆਰਥੀਆਂ 'ਤੇ ਜੀਵਨ ਭਰ ਪ੍ਰਭਾਵ ਛੱਡਦਾ ਹੈ ਅਤੇ ਉਨ੍ਹਾਂ ਦੇ ਮਨ ਨੂੰ ਸਕਾਰਾਤਮਕਨਿੰਗ ਨਾਲ ਪ੍ਰਭਾਵਤ ਕਰਦਾ ਹੈ।ਉਹ ਬਹੁਤ ਮਹੱਤਵਪੂਰਣ ਸੰਪਤੀ ਹੈ, ਜਿਸ ਦੇ ਬਗੈਰ ਕੋਈ ਵੀ ਜ਼ਿੰਦਗੀ ਦੀ ਕਲਪਨਾ ਨਹੀਂ ਕਰ ਸਕਦਾ।ਦਰਅਸਲ, ਸੰਪੂਰਣ ਅਧਿਆਪਕ ਉਨੇ ਹੀ ਮਹੱਤਵਪੂਰਣ ਹੁੰਦੇ ਹਨ ਜਿੰਨੇ ਸਾਡੇ ਮਾਪੇ. ਉਹ ਉਹੀ ਹਨ, ਜਿਨ੍ਹਾਂ ਨੂੰ ਵਿਦਿਆਰਥੀ ਮੂਰਤੀਮਾਨ ਕਰ ਸਕਦੇ ਹਨ ਅਤੇ ਵੇਖ ਸਕਦੇ ਹਨ, ਇਕ ਆਦਰਸ਼ ਅਧਿਆਪਕ ਵਿਦਿਆਰਥੀਆਂ ਨੂੰ ਹਰ ਹਾਲਾਤ ਵਿਚ ਸਹੀ ਮਾਰਗ ਦਰਸਾਉਂਦਾ ਹੈ ਅਤੇ ਕਦੇ ਵੀ ਆਪਣੇ ਫਰਜ਼ਾਂ ਤੋਂ ਪਿੱਛੇ ਨਹੀਂ ਹਟਦਾ।

ਇਕ ਆਦਰਸ਼ ਅਧਿਆਪਕ ਕਦੇ ਵੀ ਆਪਣੇ ਵਿਦਿਆਰਥੀਆਂ ਦੀਆਂ ਸੀਮਾਵਾਂ ਨੂੰ ਉਨ੍ਹਾਂ ਦੀ ਨਜ਼ਰ ਨੂੰ ਸੀਮਤ ਨਹੀਂ ਰਹਿਣ ਦਿੰਦਾ। ਉਹ ਨਿਰੰਤਰ ਉਨ੍ਹਾਂ ਨੂੰ ਅੱਗੇ ਵਧਣ ਅਤੇ ਉਨ੍ਹਾਂ ਦੇ ਰੁਖ ਨੂੰ ਵਧਾਉਣ ਲਈ ਪ੍ਰੇਰਿਤ ਕਰਦਾ ਹੈ। ਉਹ ਉਨ੍ਹਾਂ ਨੂੰ ਉਨ੍ਹਾਂ ਦੀਆਂ ਪ੍ਰਤਿਭਾਵਾਂ ਦਾ ਅਹਿਸਾਸ ਕਰਨ ਵਿਚ ਅਤੇ ਮਿਹਨਤ ਨਾਲ ਉਨ੍ਹਾਂ ਦਾ ਪਿੱਛਾ ਕਰਨ ਵਿਚ ਸਹਾਇਤਾ ਕਰਦਾ ਹੈ।

ਇਕ ਆਦਰਸ਼ਕ ਅਧਿਆਪਕ ਇਕ ਪ੍ਰਭਾਵਸ਼ਾਲੀ ਨੇਤਾ ਹੁੰਦਾ ਹੈ ਜੋ ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲ ਦੇ ਕੰਮ ਵਿਚ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਦਾ ਹੈ ਅਤੇ ਅਗਵਾਈ ਕਰਦਾ ਹੈ।

ਇਕ ਆਦਰਸ਼ਕ ਅਧਿਆਪਕ ਇਕ ਰਾਸ਼ਟਰ ਲਈ ਇਕ ਸੰਪਤੀ ਹੁੰਦਾ ਹੈ। ਉਹ ਰਾਸ਼ਟਰ ਦੇ ਭਵਿੱਖ ਦਾ ਨਿਰਮਾਣ ਕਰਦਾ ਹੈ। ਹਰੇਕ ਅਧਿਆਪਕ ਨੂੰ ਉਸਨੂੰ ਸਮਾਜ ਦੇ ਵੱਡੇ ਲਾਭ ਲਈ ਉਸ ਨੂੰ ਆਦਰਸ਼ ਬਣਾਉਣਾ ਚਾਹੀਦਾ ਹੈ।

ਅਧਿਆਪਕ ਸਿਰਜਣਹਾਰ ਹੈ ਕਿਉਂਕਿ ਸਾਡੇ ਮਨ ਵਿਚ ਅਧਿਆਪਕ ਚੰਗੇ ਵਿਵਹਾਰ, ਚੰਗੀ ਸੋਚ ਪੈਦਾ ਕਰਦਾ ਹੈ।ਉਹ ਸਾਡੇ ਮਨ ਨੂੰ ਚੰਗੀ ਵਿਦਿਆਂ ਨਾਲ ਸੰਸ਼ੋਧਿਤ ਕਰਦੇ ਹਨ ਕਿ ਅਸੀਂ ਮਾੜੇ ਅਤੇ ਚੰਗੇ ਵਿਚਕਾਰ ਫਰਕ ਨੂੰ ਸਮਝ ਸਕੀਏ। ਉਹ ਸਾਨੂੰ ਸਿਖਾਉਂਦੇ ਹਨ ਕਿ ਕਿਵੇਂ ਮਹੱਤਵਪੂਰਣ ਵਿਅਕਤੀ ਬਣਨਾ ਹੈ।

ਅਧਿਆਪਕ ਵਿਨਾਸ਼ਕਾਰੀ ਹੈ – ਉਹ ਬੁਰੀ ਸੋਚ ਅਤੇ ਹਉਮੈ ਨੂੰ ਨਸ਼ਟ ਕਰਦੇ ਹਨ ਜੋ ਉਮਰ ਦੇ ਵਧਣ ਦੇ ਨਾਲ ਕੋਸ਼ਿਸ਼ ਕਰਦੇ ਹਨ।ਉਨ੍ਹਾਂ ਦੀ ਸਹੀ ਅਤੇ ਸਮੇਂ ਸਿਰ ਸਲਾਹ ਦੇ ਕਾਰਨ, ਅਸੀਂ ਆਪਣੀ ਜ਼ਿੰਦਗੀ ਨੂੰ ਸਫਲਤਾ ਦੇ ਰਾਹ 'ਤੇ ਛੱਡ ਦਿੰਦੇ ਹਾਂ ਅਤੇ ਅਸੀਂ ਜ਼ਿੰਦਗੀ ਦੇ ਮੁੱਲ ਨੂੰ ਸਮਝ ਜਾਂਦੇ ਹਾਂ।

# ਜਦੋ 'ਲਾਇਸੈਂਸੀ ਰੇਡੀਓ' ਰੱਖਣ ਵਾਲੇ ਦੀ ਪੂਰੀ ਟੋਹਰ ਹੁੰਦੀ ਸੀ



ਹਰਮਨਪ੍ਰੀਤ ਸਿੰਘ

ਮਨੁੱਖ ਦੇ ਮਨ ਦੀਆਂ ਵੀ ਰੁੱਤਾਂ ਹੁੰਦੀਆਂ ਨੇ, ਇਹ ਰੁੱਤਾਂ ਮਹਿਸੂਸ ਕੀਤੀਆਂ 'ਜਾ ਸਕਦੀਆਂ ਨੇ 'ਤੇ ਮਨੁੱਖੀ ਮਨ ਦੀਆ ਰੁੱਤਾਂ ਬਦਲਣ 'ਚ ਗੀਤ, ਗ਼ਜ਼ਲ, ਕਿੱਸੇ ਤੇ ਕਹਾਣੀਆਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇਹ ਗੀਤ, ਗ਼ਜ਼ਲ, ਕਿੱਸੇ ਤੇ ਕਹਾਣੀਆਂ ਦੇ ਨਾਲ-ਨਾਲ ਰੋਜਮਰ੍ਰਾ ਦੀਆ ਘਟਨਾਵਾਂ ਨੂੰ ਲੋਕਾ ਤੱਕ ਪਹੁੰਚਾਉਣ ਦਾ ਕੰਮ 'ਰੇਡੀਓ' ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਤੇ ਮੌਜੂਦਾ ਸਮੇਂ ਕਰ ਵੀ ਰਿਹਾ ਹੈ। ਕਿਸੇ ਸਮੇਂ 'ਰੇਡੀਓ' ਤੇ ਇਸ ਨੂੰ ਰੱਖਣ ਵਾਲੇ ਦੀ ਪੂਰੀ ਟੋਹਰ ਹੁੰਦੀ ਸੀ। ਇਹ ਸਮਾਂ ਸੀ ਲਗਭਗ ਸੰਨ 1960-62 ਦਾ ਜਦੋਂ ਟਾਵਾਂ-ਟਾਵਾਂ ਕਿਸੇ ਵਿਅਕਤੀ ਕੋਲ 'ਰੇਡੀਓ' ਹੁੰਦਾ ਤੇ ਉਸ ਸਮੇਂ 'ਰੇਡੀਓ' ਰੱਖਣਾ ਕੋਈ ਸੋਖਾ ਕੰਮ ਨਹੀ ਸੀ। 'ਰੇਡੀਓ' ਰੱਖਣ, ਸੁਣਨ ਲਈ ਬਕਾਇਦਾ ਸਰਕਾਰੀ ਮਨਜ਼ੂਰੀ ਲੈਣਾ ਜ਼ਰੂਰੀ ਹੁੰਦੀ ਸੀ। ਸਰਕਾਰ ਵਲੋਂ 'ਰੇਡੀਓ ਲਾਇਸੈਂਸ' ਬਣਾਏ ਜਾਂਦੇ, ਇਹ ਲਾਇਸੈਂਸ 'ਭਾਰਤੀ ਡਾਕ ਵਿਭਾਗ' ਦੁਆਰਾ ਡਾਕ ਘਰ ਵਿਚ ਬਣਾਏ ਜਾਂਦੇ। ਇਸ ਛੋਟੀ ਕਾਪੀ ਨੁਮਾ 'ਰੇਡੀਓ ਲਾਇਸੈਂਸ' ਤੇ ਇਕ ਟਿਕਟ ਲੱਗਦੀ ਜਿਸ ਤੇ "ਆਲ ਇੰਡੀਆ ਰੇਡੀਓ" (ਏ.ਆਈ.ਆਰ) ਛਪਿਆ ਹੁੰਦਾ ਸੀ। ਸਰਕਾਰ ਵਲੋਂ ਰੇਡੀਓ' ਰੱਖਣ, ਸੁਣਨ ਲਈ 'ਦੋ ਤਰਾ ਦੇ 'ਰੇਡੀਓ ਲਾਇਸੈਂਸ' ਬਣਾਏ ਜਾਂਦੇ, ਘਰੇਲੂ ਤੇ ਵਪਾਰਕ ਦੋਹਾਂ 'ਰੇਡੀਓ ਲਾਇਸੈਂਸ' ਦੀ ਸਰਕਾਰੀ ਫ਼ੀਸ ਅਲੱਗ-ਅਲੱਗ ਹੁੰਦੀ ਸੀ। ਰੇਡੀਓ ਰੱਖਣ, ਸੁਣਨ ਲਈ 'ਭਾਰਤੀ ਡਾਕ ਵਿਭਾਗ' ਦਾ ਇੰਡੀਅਨ ਟੈਲੀਗ੍ਰਾਫ ਐਕਟ, 1885 ਦੇ ਅੰਤਰਗਤ 'ਰੇਡੀਓ ਲਾਇਸੈਂਸ' ਜਾਰੀ ਕਰਦਾ ਸੀ। 'ਰੇਡੀਓ ਲਾਇਸੈਂਸ' ਨਾ ਲੈਣ ਦੀ ਸੂਰਤ 'ਚ ਜਾਂ 'ਰੇਡੀਓ ਲਾਇਸੈਂਸ' ਨਾ ਨਵਿਆਉਣ ਦੀ ਸੂਰਤ 'ਚ ਇਸ ਨੂੰ ਅਪਰਾਧ ਮੰਨਿਆ ਜਾਂਦਾ ਅਤੇ ਅਜੇਹਾ ਹੋਣ ਤੇ ਵਾਇਰਲੈੱਸ ਐਕਟ, 1933 ਦੇ ਤਹਿਤ ਸਜਾ ਦਾ ਪ੍ਰਾਵਧਾਨ ਵੀ ਹੁੰਦਾ ਸੀ।

ਰੇਡੀਓ ਵੇਚਦੇ ਸਮੇਂ ਜੋ ਬਿਲ ਬਣਾਇਆ ਜਾਂਦਾ ਉਸ ਦੀਆ ਦੁਕਾਨਦਾਰ ਵਲੋਂ ਤਿੰਨ ਕਾਪੀਆਂ ਬਣਾਈਆਂ ਜਾਂਦੀਆਂ, ਰੇਡੀਓ ਬਿਲ ਦੀ ਇਕ ਕਾਪੀ ਦੁਕਾਨਦਾਰ ਆਪਣੇ ਰਿਕਾਰਡ 'ਚ ਰੱਖਦਾ, ਇਕ ਕਾਪੀ ਰੇਡੀਓ ਖ੍ਰੀਦਾਰ ਕੋਲ ਹੁੰਦੀ ਤੇ ਇਕ ਕਾਪੀ 'ਰੇਡੀਓ ਲਾਇਸੈਂਸ' ਬਣਾਉਣ ਲਈ 'ਭਾਰਤੀ ਡਾਕ ਵਿਭਾਗ' ਕੋਲ ਜਮਾ ਕਰਵਾਉਣੀ ਪੈਂਦੀ ਸੀ। ਰੇਡੀਓ ਬਿਲ ਦੀ ਇਕ ਕਾਪੀ ਤੇ ਦੁਕਾਨਦਾਰ ਵਲੋਂ ਰੇਡੀਓ ਵੇਚਣ ਦੀ ਮਿਤੀ, ਖ੍ਰੀਦਾਰ ਦਾ ਨਾਮ,ਪਤਾ, ਰੇਡੀਓ ਦਾ ਮਾਰਕਾ, ਰੇਡੀਓ ਦਾ ਬਾਡੀ,ਚਾਸੀ ਨੰਬਰ ਤੇ ਗਰੰਟੀ,ਵਾਰੰਟੀ ਆਦਿ ਲਿਖੀ ਜਾਂਦੀ ਸੀ। ਇਸ ਮਗਰੋਂ ਰੇਡੀਓ ਬਿਲ ਦੀ ਕਾਪੀ ਤੇ ਰੇਡੀਓ ਦੀ ਜਾਂਚ ਕਰਨ ਉਪਰੰਤ 'ਭਾਰਤੀ ਡਾਕ ਵਿਭਾਗ' ਦੁਆਰਾ ਡਾਕ ਘਰ ਵਿਚ ਰੇਡੀਓ ਮਾਲਕ ਨੂੰ 'ਰੇਡੀਓ ਲਾਇਸੈਂਸ' ਬਣਾਕੇ ਦੇਦਿਤਾ ਜਾਂਦਾ, ਇਹ ਇਕ ਛੋਟੀ ਕਾਪੀ ਨੁਮਾ 'ਰੇਡੀਓ ਲਾਇਸੈਂਸ' ਹੁੰਦਾ ਇਸ ਤੇ 'ਭਾਰਤੀ ਡਾਕ ਵਿਭਾਗ' ਦੁਆਰਾ ਰੇਡੀਓ ਮਾਲਕ ਦਾ ਨਾਮ,ਪਤੇ ਤੋਂ ਇਲਾਵਾ ਰੇਡੀਓ ਦਾ ਮਾਰਕਾ, ਰੇਡੀਓ ਦਾ ਬਾਡੀ,ਚਾਸੀ ਨੰਬਰ ਲਿਖਿਆ ਜਾਂਦੀ ਅਤੇ ਨਾਲ ਹੀ 'ਭਾਰਤੀ ਡਾਕ ਵਿਭਾਗ' ਦੁਆਰਾ ਜ਼ਾਰੀ ਕੀਤੀ 'ਰੇਡੀਓ ਲਾਇਸੈਂਸ' ਦੀ ਵਿਸ਼ੇਸ਼ ਟਿਕਟ ਜਿਸ ਤੇ "ਆਲ ਇੰਡੀਆ ਰੇਡੀਓ" (ਏ.ਆਈ.ਆਰ) ਛਪਿਆ ਹੁੰਦਾ ਲਗਾਈ ਜਾਂਦੀ ਸੀ, ਸਮੇਂ-ਸਮੇਂ ਤੇ 'ਰੇਡੀਓ ਲਾਇਸੈਂਸ' ਦੀ ਇਸ ਵਿਸ਼ੇਸ਼ ਟਿਕਟ ਦੀ ਫ਼ੀਸ ਵੀ ਵਧਦੀ ਗਈ, ਜੋ ਕਿ ਸ਼ੁਰੂਆਤੀ ਦੌਰ 'ਚ ਤਕਰੀਬਨ 'ਇੱਕ-ਦੋ ਰੁਪਏ ਤੋਂ ਸ਼ੁਰੂ ਹੋਈ ਤੇ ਸਮੇਂ ਦੇ ਨਾਲ-ਨਾਲ 7.50 ਰੁਪਏ ਤੋਂ 15 ਰੁਪਏ ਤੱਕ ਵਧੀ। ਰੇਡੀਓ ਰੱਖਣ, ਸੁਣਨ ਲਈ 'ਦੋ ਤਰਾ ਦੇ 'ਰੇਡੀਓ ਲਾਇਸੈਂਸ' ਹੁੰਦੇ ਘਰੇਲੂ 'ਰੇਡੀਓ ਲਾਇਸੈਂਸ' ਨਾਲੋਂ ਵਪਾਰਕ 'ਰੇਡੀਓ ਲਾਇਸੈਂਸ' ਦੀ ਵਿਸ਼ੇਸ਼ ਟਿਕਟ ਦੀ ਫ਼ੀਸ ਜਿਆਦਾ ਹੁੰਦੀ ਸੀ।

ਮਨੋਰੰਜਨ ਦੇ ਸਾਧਨ ਰੇਡੀਓ ਨੇ ਥੋੜੇ ਸਮੇਂ 'ਚ ਹੀ ਲੋਕਾ ਵਿਚ ਆਪਣੀ ਚੰਗੀ ਥਾਂ ਬਣਾ ਲਈ ਸੀ।ਸਰਕਾਰ ਦੇ ਅਦਾਰੇ 'ਭਾਰਤੀ ਡਾਕ ਵਿਭਾਗ' ਦੁਆਰਾ ਰੇਡੀਓ ਦੇ ਦੋ ਅਲੱਗ-ਅਲੱਗ 'ਰੇਡੀਓ ਲਾਇਸੈਂਸ' ਜ਼ਾਰੀ ਕੀਤੇ ਜਾਂਦੇ, ਜੋ ਘਰੇਲੂ ਤੇ ਵਪਾਰਕ ਹੁੰਦੇ। ਘਰੇਲੂ 'ਰੇਡੀਓ ਲਾਇਸੈਂਸ' ਤੇ ਰੇਡੀਓ ਮਾਲਕ ਰੇਡੀਓ ਨੂੰ ਆਪਣੇ ਘਰ-ਪ੍ਰੀਵਾਰ 'ਚ ਬੈਠ ਦੇਸ਼-ਦੁਨੀਆਂ ਦੀਆ ਰੋਜਮਰ੍ਰਾ ਦੀਆ ਘਟਨਾਵਾਂ, ਗੀਤ, ਗ਼ਜ਼ਲ, ਕਿੱਸੇ ਤੇ ਕਹਾਣੀਆਂ ਸੁਣ ਮਨਪ੍ਰਚਵਾ ਕਰ ਸਕਦਾ ਸੀ। ਉੱਥੇ ਹੀ ਦੂਜੇ ਪਾਸੇ ਵਪਾਰਕ 'ਰੇਡੀਓ ਲਾਇਸੈਂਸ' ਜਨਤਕ ਸਥਾਨਾਂ ਲਈ ਜ਼ਾਰੀ ਕੀਤੇ ਜਾਂਦੇ, ਜਿਵੇਂ ਰੇਡੀਓ ਦੀਆ ਦੁਕਾਨਾਂ, ਹੋਟਲ, ਪੰਚਾਇਤਾਂ ਆਦਿ। ਇਨ੍ਹਾਂ ਘਰੇਲੂ ਤੇ ਵਪਾਰਕ 'ਰੇਡੀਓ ਲਾਇਸੈਂਸ' ਨੂੰ ਇੱਕ ਸਾਲ ਦੀ ਮਿਆਦ ਖਤਮ ਹੋਣ ਤੇ ਦੁਬਾਰਾ 'ਭਾਰਤੀ ਡਾਕ ਵਿਭਾਗ' ਤੋਂ ਨਵਿਆਉਣ ਪੈਂਦਾ ਸੀ। ਉਸ ਸਮੇਂ ਬਾਕਾਇਦਾ ਡਾਕ ਵਿਭਾਗ ਦੇ ਮੁਲਾਜ਼ਮ 'ਰੇਡੀਓ ਲਾਇਸੈਂਸ' ਨਾ ਨਵਿਆਉਣ ਵਾਲਿਆ ਤੇ ਬਣਦੀ ਕਾਰਵਾਈ ਵੀ ਕਰਦੇ, ਫ਼ਿਰ ਸਮਾਂ ਬਦਲਿਆ ਤੇ ਤਕਰੀਬਨ ਸੰਨ 1983-84 ਦੇ ਦੌਰਾਨ ਰੇਡੀਓ ਨੂੰ'ਰੇਡੀਓ ਲਾਇਸੈਂਸ' ਤੋਂ ਛੋਟ ਦੇ ਦਿੱਤੀ ਗਈ। ਮੌਜੂਦਾ ਸਮੇਂ ਉਹ ਗੱਲਾਂ ਹੁਣ ਨਹੀਂ ਰਹੀਆਂ ਸਮੇਂ ਦੇ ਬਦਲਣ ਨਾਲ ਮਨੋਰੰਜ਼ਨ ਦੇ ਸਾਧਨ ਵੀ ਤੇਜੀ ਨਾਲ ਬਦਲ ਗਏ। ਹੁਣ ਤਾ ਰੇਡੀਓ ਰੱਖਣਾ ਬਹੁਤ ਆਮ ਜਹੀ ਗੱਲ ਹੋ ਗਈ, ਤੇ ਇਕ ਸਮਾਂ ਉਹ ਵੀ ਸੀ ਜਦੋ 'ਲਾਇਸੈਂਸੀ ਰੇਡੀਓ' ਤੇ ਇਸ ਦੇ ਮਾਲਕ ਦੀ ਵੱਖਰੀ ਹੀ ਪਹਿਚਾਣ ਹੁੰਦੀ ਸੀ। ਕਿਉਂ ਕਿ 'ਲਾਇਸੈਂਸੀ ਰੇਡੀਓ' ਰੱਖਣਾ ਕੋਈ ਸੌਖਾ ਕਾਰਜ ਨਹੀਂ ਸੀ।

# ਚੇਤਿਆਂ ਵਿੱਚੋਂ ਕਿਰਦੀ ਦਾਸਤਾਨ

-ਜਗਦੀਸ਼ ਕੌਰ ਮਾਨ

ਗੱਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਪੰਜਾਬ ਵਿੱਚ ਰਾਤਾਂ ਚੌਵੀ ਘੰਟਿਆਂ ਦੀਆਂ ਹੋ ਗਈਆਂ ਸਨ। ਕੁਦਰਤ ਦਾ ਮੂੰਹ ਮੁਲਾਹਜ਼ਾ ਰੱਖਣ ਲਈ ਸੂਰਜ ਡਰਿਆ ਸਹਿਮਿਆ ਐਵੇਂ ਲੱਪ ਕੁ ਕਿਰਨਾਂ ਹੀ ਧਰਤੀ ਉੱਤੇ ਖਿਲਾਰਦਾ ਸੀ, ਬੱਸ ਉਸੇ ਨੂੰ ਲੋਕ 'ਦਿਨ' ਸਮਝ ਕੇ ਸਬਰ ਕਰ ਲੈਂਦੇ ਸਨ। ਦੀਵੇਂ ਬੱਤੀਆਂ ਬੁਝਾ ਕੇ ਕੈਦੀਆਂ ਵਾਂਗ ਅੰਦਰੀਂ ਡੱਕੇ ਲੋਕਾਂ ਨੂੰ ਚੰਦਰਮਾ ਦੇ ਦਰਸ਼ਨ ਕੀਤਿਆਂ ਕਈ ਸਾਲ ਹੋ ਗਏ ਸਨ, ਹਰ ਪਾਸੇ ਡਰ, ਸਹਿਮਤ ਤੇ ਦਹਿਸ਼ਤ ਦਾ ਮਾਹੌਲ ਸੀ। ਜਮਹੂਰੀ ਕਦਰਾਂ-ਕੀਮਤਾਂ ਮਲੀਆਮੇਟ ਹੋ ਚੁੱਕੀਆਂ ਸਨ। ਸਦੀਆਂ ਬਾਅਦ ਬਾਬਰ ਰਾਜ ਦੁਬਾਰਾ ਸ਼ੁਰੂ ਹੋ ਗਿਆ ਸੀ।

ਇੱਕ ਧਿਰ ਵੱਲੋਂ ਤੀਜੇ ਕੁ ਦਿਨ ਬੰਦ ਦਾ ਸੱਦਾ ਆ ਜਾਂਦਾ। ਲੋਕਾਂ ਦੀ ਰਖਵਾਲੀ ਕਰਨ ਵਾਸਤੇ ਲਾਈ ਸਰਕਾਰੀ ਤਨਖਾਹਾਂ ਲੈ ਰਹੀ ਦੂਜੀ ਧਿਰ ਨੂੰ ਲੋਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਦੀ ਕੋਈ ਚਿੰਤਾ ਨਹੀਂ ਸੀ। ਜੇ ਫਿਕਰ ਸੀ ਤਾਂ ਆਪਣੀਆਂ ਫੀਤੀਆਂ ਵਿੱਚ ਵਾਧਾ ਕਰਨ ਦੀ ਸੀ। ਅਫਸਰਸ਼ਾਹੀ ਦਫਤਰਾਂ ਅੰਦਰ ਬੈਠੀ ਸਖਤ ਹਦਾਇਤਾਂ ਜਾਰੀ ਕਰ ਰਹੀ ਸੀ। ਇੱਕ ਪਾਸੇ ਬੰਦ ਦਾ ਸੱਦਾ ਆ ਜਾਂਦਾ, ਦੂਜੇ ਪਾਸਿਓਂ ਹਰ ਪ੍ਰਕਾਰ ਦੇ ਅਦਾਰਿਆਂ ਨੂੰ ਖੁੱਲ੍ਹਾ ਰੱਖਣ ਵਾਲੇ ਚਿੱਠੀ ਪੱਤਰ ਪਹੁੰਚ ਜਾਂਦੇ। ਰਿਜ਼ਕ ਖਾਤਰ ਸਾਡੇ ਵਰਗੇ ਲੋਕ ਖਤਰੇ ਦੇ ਬਾਵਜੂਦ ਡਿਊਟੀਆਂ ਉੱਤੇ ਹਾਜ਼ਰ ਹੋਣ ਲਈ ਤੁਰ ਪੈਂਦੇ।

ਸਰਦੀਆਂ ਦਾ ਸੰਘਣੀ ਧੁੰਦ ਭਰਿਆ ਇੱਕ ਦਿਨ ਸੀ। ਹੱਥ ਨੂੰ ਹੱਥ ਮਾਰਿਆਂ ਦਿਖਾਈ ਨਹੀਂ ਸੀ ਦਿੰਦਾ। ਉਸ ਦਿਨ ਵੀ ਪੰਜਾਬ ਵਿੱਚ ਬੰਦ ਦਾ ਸੱਦਾ ਸੀ। ਅਸੀਂ ਦੋਵੇਂ ਜੀਅ ਸਕੂਟਰੀ ਉੱਤੇ ਆਪੋ-ਆਪਣੇ ਸਕੂਲਾਂ ਨੂੰ ਡਿਊਟੀ ਉੱਤੇ ਹਾਜ਼ਰ ਹੋਣ ਲਈ ਜਾ ਰਹੇ ਸਾਂ। ਸਾਡੇ ਦੋਵਾਂ ਦੇ ਸਕੂਲ ਇੱਕੋ ਦਿਸ਼ਾ ਵਿੱਚ ਨਹੀਂ ਸਨ, ਪਰ ਡਿਊਟੀ ਉੱਤੇ ਹਾਜ਼ਰ ਹੋਣਾ ਵੀ ਜ਼ਰੂਰੀ ਸੀ, ਕਿਉਂਕਿ ਮਹਿਕਮੇ ਵੱਲੋਂ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਡਿਊਟੀ ਸਥਾਨ ਉੱਤੇ ਹਰ ਹਾਲ ਵਿੱਚ ਹਾਜ਼ਰ ਰਿਹਾ ਜਾਵੇ। ਸਕੂਲਾਂ ਵਿੱਚ ਕਿਸੇ ਸਮੇਂ ਵੀ ਮੁਆਇਨਾ ਕੀਤਾ ਜਾ ਸਕਦਾ ਹੈ। ਅਸੀਂ ਸਲਾਹ ਬਣਾਈ ਕਿ ਪਹਿਲਾਂ ਨੇੜੇ ਪੈਂਦੇ ਸਕੂਲ ਵਿੱਚ ਹਾਜ਼ਰੀ ਲਾਈ ਜਾਵੇ, ਫਿਰ ਕਿਸੇ 'ਆਨ ਡਿਊਟੀ' ਦਾ ਜੁਗਾੜ ਬਣਾ ਕੇ ਮੇਰੇ ਵਾਲੇ ਸਕੂਲ ਵਿੱਚ ਹਾਜ਼ਰ ਹੋਇਆ ਜਾਵੇ।

ਖੈਰ! ਅਜੇ ਅਸੀਂ ਆਪਣੀ ਮੰਜ਼ਿਲ ਦੇ ਅੱਧ ਵਿੱਚ ਹੀ ਪਹੁੰਚੇ ਸਾਂ ਕਿ ਬਿਲਕੁਲ ਨੇੜੇ ਆ ਕੇ ਸਾਨੂੰ ਪਰਛਾਵਾਂ ਜਿਹਾ ਖੜਾ ਦਿਸਿਆ। ਪਤਾ ਲੱਗਾ ਕਿ ਉਹ ਇਨ੍ਹਾਂ ਦੇ ਸਕੂਲ ਦੀ ਐੱਸ ਐੱਸ ਮਿਸਟਰੈੱਸ ਸੀ। ਉਸ ਨੇ ਸਾਨੂੰ ਪਛਾਣਦਿਆਂ ਸਾਰ ਲੇਰ ਮਾਰੀ। ਪੁੱਛਣ ਉੱਤੇ ਪਤਾ ਲੱਗਾ ਕਿ ਉਹ ਇੱਕ ਘੰਟੇ ਤੋਂ ਇਹੋ ਜਿਹੇ ਖਰਾਬ ਮੌਸਮ ਵਿੱਚ ਉਥੇ ਖੜੀ ਪਿੰਡ ਨੂੰ ਜਾਣ ਵਾਲੀ ਬੱਸ ਉਡੀਕ ਰਹੀ ਸੀ, ਪਰ ਬ੍ਰਾਂਚ ਰੋਡ ਬੰਦ ਹੋਣ ਕਾਰਨ ਉਥੇ ਨਾ ਅਜੇ ਤੱਕ ਕੋਈ ਬਸ ਜਾਂ ਟੈਂਪੂ ਆਇਆ ਸੀ, ਨਾ ਆਉਣ ਦੀ ਕੋਈ ਉਮੀਦ ਸੀ। ਉਹ ਅਧਿਆਪਕਾ ਕੁਝ ਵਧੇਰੇ ਹੀ ਡਰੀ ਹੋਈ ਸੀ ਅਤੇ ਹਰ ਹਾਲਤ ਡਿਊਟੀ ਉੱਤੇ ਵੀ ਹਾਜ਼ਰ ਹੋਣਾ ਚਾਹੁੰਦੀ ਸੀ। ਸਾਡੇ ਵਾਸਤੇ ਇਹ ਧਰਮ ਸੰਕਟ ਦੀ ਘੜੀ ਸੀ, ਕਿਉਂਕਿ ਤਿੰਨ ਸਵਾਰੀਆਂ ਜੋਗਾ ਸਾਡੇ ਕੋਲ ਵਸੀਲਾ ਨਹੀਂ ਸੀ। ਓਦੋਂ ਮੇਰੇ ਅੰਦਰ ਪਤਾ ਨਹੀਂ ਇੰਨੀ ਦਲੇਰੀ ਕਿੱਥੋਂ ਆ ਗਈ, ਮੈਂ ਇਨ੍ਹਾਂ ਨੂੰ ਕਿਹਾ, "ਤੁਸੀਂ ਮੈਡਮ ਨੂੰ ਲੈ ਕੇ ਆਪਣੇ ਸਕੂਲ ਚੱਲੋ, ਮੈਂ ਇੱਥੇ ਹੀ ਖੜ੍ਹੋਂਦੀ ਹਾਂ।"

ਮੈਨੂੰ ਉਥੇ ਸੁੰਨਸਾਨ ਤੇ ਧੁੰਦ ਪੱਸਰੀ ਵਾਲੀ ਥਾਂ ਖੜ੍ਹੀ ਨੂੰ ਘੰਟਾ ਡੇਢ ਹੋ ਗਿਆ ਤੇ ਫਿਰ ਮਨ ਕਾਹਲਾ ਪੈਣ ਲੱਗਾ। ਡਰ ਵੀ ਲੱਗ ਰਿਹਾ ਸੀ। ਇੰਨੇ ਨੂੰ ਸਕੂਟਰੀ ਆਉਂਦੀ ਦਿਸੀ। ਇਹ ਸਾਡੀ ਸਕੂਟਰੀ ਸੀ, ਪਰ ਇਸ ਨੂੰ ਚਲਾ ਕੇ ਲਿਆਉਣ ਵਾਲਾ ਬੰਦਾ ਇਨ੍ਹਾਂ ਦੀ ਥਾਂ ਇਨ੍ਹਾਂ ਦੇ ਸਕੂਲ ਦਾ ਚਪੜਾਸੀ ਸੀ। ਉਸ ਨੇ ਆ ਕੇ ਦੱਸਿਆ, "ਸਟਾਫ ਵੱਲੋਂ ਜ਼ੋਰ ਦੇਣ ਉੱਤੇ ਹੈੱਡਮਾਸਟਰ ਸਾਹਿਬ ਤਾਂ ਸਕੂਲ ਵਿੱਚ ਰੁਕ ਗਏ ਹਨ ਤੇ ਮੈਡਮ ਜੀ, ਤੁਹਾਨੂੰ ਸਕੂਲ ਛੱਡਣ ਵਾਸਤੇ ਉਨ੍ਹਾਂ ਮੈਨੂੰ ਭੇਜਿਆ ਹੈ।" ਰੱਬ ਦੀਆਂ ਜੜ੍ਹਾਂ ਵਿੱਚ ਮੇਰਾ ਸਕੂਲ ਸੀ। ਜਦੋਂ ਤੱਕ ਅਸੀਂ ਸਕੂਲ ਪਹੁੰਚੇ, ਗਿਆਰਾਂ ਵੱਜ ਚੁੱਕੇ ਸਨ। ਰੱਬ ਦੇ ਉਸ ਬੰਦੇ ਨੇ ਮੈਨੂੰ ਜਾਂਦੇ ਸਾਰ ਦੱਸ ਦਿੱਤਾ, "ਮੈਡਮ ਜੀ, ਮੇਰਾ ਤਾਂ ਰੋਟੀ ਵਾਲਾ ਟਿਫਨ ਵੀ ਸਕੂਲ ਹੀ ਰਹਿ ਗਿਆ, ਮੈਨੂੰ ਤਾਂ ਜੀ ਬਹੁਤ ਭੁੱਖ ਲੱਗੀ ਐ।" ਮੈਂ ਆਪਣਾ ਟਿਫਨ ਉਸ ਦੇ ਹਵਾਲੇ ਕਰਦਿਆਂ ਕਿਹਾ, "ਕੋਈ ਨਾ ਦਰਸ਼ਨ! ਆਹ ਮੇਰਾ ਖਾਣਾ ਤੂੰ ਖਾ ਲੈ।" ਉਹਨੇ 'ਨਹੀਂ ਜੀ, ਨਹੀਂ ਜੀ' ਕਰਦੇ ਨੇ ਆਖਰ ਟਿਫਨ ਮੇਰੇ ਹੱਥੋਂ ਫੜ ਲਿਆ ਤੇ ਮੈਂ ਉਸ ਦਿਨ ਫਾਕਾ ਕੱਟਿਆ ਹਾਲਾਂਕਿ ਗਰਭ ਅਵਸਥਾ ਹੋਣ ਕਾਰਨ ਇਉਂ ਫਾਕਾ ਕੱਟਣਾ ਖਤਰਨਾਕ ਸੀ।

ਅੱਜ ਜਦੋਂ ਕਿਸੇ ਇਨਸਾਨ ਨੇ ਲੋਕ ਭਲਾਈ ਵਾਲਾ ਕੋਈ ਕੰਮ ਕੀਤਾ ਹੋਵੇ ਤਾਂ ਸ਼ਾਬਾਸ਼ੀ ਦੀ ਉਮੀਦ ਵੀ ਰੱਖ ਲੈਂਦਾ ਹੈ। ਉਹੀ ਅਧਿਆਪਕਾ ਇੱਕ ਵਾਰ ਮੈਨੂੰ ਅਚਨਚੇਤ ਬਸ ਵਿੱਚ ਮਿਲ ਗਈ। ਗੱਲਾਂ ਗੱਲਾਂ ਵਿੱਚ ਉਸ ਘਟਨਾ ਬਾਰੇ ਗੱਲ ਤੁਰੀ ਤਾਂ ਉਸ ਨੇ ਬਹੁਤ ਪੋਲਾ ਜਿਹਾ ਮੂੰਹ ਬਣਾ ਕੇ ਅਣਜਾਣ ਜਿਹੀ ਬਣ ਕੇ ਕਿਹਾ, "ਮੈਨੂੰ ਤਾਂ ਕੁਝ ਯਾਦ ਨਹੀਂ, ਹੋਇਆ ਹੋਵੇਗਾ ਕਦੇ ਇਉਂ ਵੀ, ਹੋਰ ਤੁਸੀਂ ਸਿਆਣੇ ਬਿਆਣੇ ਕਿਹੜਾ ਝੂਠ ਬੋਲਦੇ ਓ।" ਉਸ ਸਮੇਂ ਮੈਨੂੰ ਭਾਈ ਗੁਰਦਾਸ ਜੀ ਦੀ ਰਚਨਾ ਵਿੱਚੋਂ ਇੱਕ ਖਾਸ ਰਚਨਾ ਰਹਿ ਰਹਿ ਕੇ ਯਾਦ ਆ ਰਹੀ ਸੀ।

# ਕਵਿਤਾ




ਸਰਕਾਰ ਛੇੜਦੀ ਨਿੱਤ ਨਵੇਂ ਜੱਬ ਜੀ
ਲੋਕਾਂ ਤਾਈਂ ਕਰੀ ਜਾਵੇ ਹੱਬ ਦੱਬ ਜੀ
ਕਹੇ ਲੋਕਾਂ ਜਿਉਂਦਿਆਂ ਨੂੰ ਦਬਾਉਣਾ ਹੈ
ਮੱਤੇਵਾੜਾ ਕਹਿਣ ਜੰਗਲ ਮਕਾਉਣਾ ਹੈ।

ਬਠਿੰਡੇ ਵਾਲਾ ਹੈ ਥਰਮਲ ਭੰਨਿਆ
ਕੋਈ ਵੀ ਨਹੀਂ ਏਸ ਦਾ ਜ਼ੁੰਮਾ ਮੰਨਿਆ
ਹੁਣ ਪੰਛੀਆਂ ਨੂੰ ਉੱਡਣੋ ਹਟਾਉਣਾ ਹੈ
ਮੱਤੇਵਾੜਾ ਕਹਿਣ ਜੰਗਲ ਮਕਾਉਣਾ ਹੈ।

ਦਿਨੋ-ਦਿਨ ਸਾਹ ਕਰੀ ਜਾਣ ਬੰਦ ਜੀ
ਰਾਜਨੀਤੀ ਵਿੱਚ ਪਾਉਂਦੇ ਪੂਰਾ ਗੰਦ ਜੀ
ਜੜੋਂ ਪੁਰਾਣਾ ਬੋਹੜ ਹਿਲਾਉਣਾ ਹੈ
ਮੱਤੇਵਾੜਾ ਕਹਿਣ ਜੰਗਲ ਮਕਾਉਣਾ ਹੈ।

ਬਿਜਲੀ ਦੇ ਲੱਗਦੇ ਨੇ ਲੰਮੇ ਕੱਟ ਜੀ
ਗਰਮੀ ਨੇ ਕੱਡੇ ਪਏ ਹੈ ਵੱਟ ਜੀ
ਬਿਜਲੀ , ਕਹਿੰਦੇ ਬਿੱਲ ਹਟਾਉਣਾ ਹੈ
ਮੱਤੇਵਾੜਾ ਕਹਿਣ ਜੰਗਲ ਮਕਾਉਣਾ ਹੈ।

ਗੁਰੂ ਦੀ ਬੇਅਦਬੀ ਦੇ ਫੜੇ ਨਾ ਦੋਸ਼ੀ ਜੀ
ਜਾਂਦੇ ਨੇ ਹਾਂ ਅੱਲੇ ਜ਼ਖ਼ਮ ਪਲੋਸੀ ਜੀ
ਸੁਖਚੈਨ, ਚੰਨ ਅੰਬਰਾਂ ਤੋਂ ਲਾਹੁਣਾ ਹੈ
ਮੱਤੇਵਾੜਾ ਕਹਿਣ ਜੰਗਲ ਮਕਾਉਣਾ ਹੈ।

ਸੜਕਾਂ ਤੇ ਇਨ੍ਹਾਂ ਨੇ ਕਿਸਾਨ ਰੋਲੇ ਜੀ
ਘੁੱਟਦੇ ਨੇ ਸੰਘੀ ਜੋ ਵੀ ਸੱਚ ਬੋਲੇ ਜੀ
ਬੱਚਿਆਂ ਨੂੰ ਆਨ ਲਾਈਨ ਪੜਾਉਣਾ ਹੈ
ਮੱਤੇਵਾੜਾ ਕਹਿਣ ਜੰਗਲ ਮਕਾਉਣਾ ਹੈ।

ਸੁਖਚੈਨ ਸਿੰਘ,ਠੱਠੀ ਭਾਈ
00971527632924

# ਹਲਕਾ ਫੁਲਕਾ

ਇੱਕ ਆਦਮਖੋਰ ਸਮੁੰਦਰੀ ਜਹਾਜ਼ ਉੱਤੇ ਸਫਰ ਕਰ ਰਿਹਾ ਸੀ। ਡਾਈਨਿੰਗ ਹਾਲ ਦੇ ਇੱਕ ਵੇਟਰ ਨੇ ਉਸ ਦੇ ਸਾਹਮਣੇ ਮੀਨੂੰ ਲਿਆ ਕੇ ਰੱਖ ਦਿੱਤਾ। ਆਦਮਖੋਰ ਕੁਝ ਦੇਰ ਤੱਕ ਮੀਨੂੰ ਪੜ੍ਹਦਾ ਰਿਹਾ, ਫਿਰ ਮੀਨੂੰ ਨੂੰ ਇੱਕ ਪਾਸੇ ਸੁੱਟ ਕੇ ਗੁੱਸੇ ਨਾਲ ਬੋਲਿਆ, "ਮੈਨੂੰ ਇਸ ਵਿੱਚ ਕੁਝ ਵੀ ਪਸੰਦ ਨਹੀਂ ਹੈ। ਯਾਤਰੀਆਂ ਦੀ ਸੂਚੀ ਲਿਆਓ।"

*********

ਪਤਨੀ, "ਸੁਣੋ ਜੀ, ਜਦੋਂ ਤੁਸੀਂ ਪਹਿਲੀ ਵਾਰ ਮੇਰਾ ਘੁੰਡ ਚੁੱਕਿਆ ਸੀ ਤਾਂ ਤੁਹਾਨੂੰ ਕਿਹੋ ਜਿਹਾ ਲੱਗਾ ਸੀ?"

ਪਤੀ, "ਸਹੁੰ ਲੱਗੇ, ਮੈਂ ਤਾਂ ਮਰ ਹੀ ਜਾਂਦਾ ਜੇ ਮੈਨੂੰ ਟੀ ਵੀ ਉੱਤੇ 'ਚੁੜੇਲ' ਸੀਰੀਅਲ ਦੇਖਣ ਦੀ ਆਦਤ ਨਾ ਪੈ ਗਈ ਹੁੰਦੀ।"

## ਸਿੱਧੂ ਨੇ ਬੇਅਦਬੀ ਮੁੱਦਾ ਉਠਾ ਕੇ ਇੱਕ ਤੀਰ ਨਾਲ ਦੋ ਸ਼ਿਕਾਰ ਕੀਤੇ

ਚੰਡੀਗੜ੍ਹ, 12 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਬੇਅਦਬੀ ਦੇ ਕੇਸ ਵਿੱਚ ਇਕ ਵਾਰ ਫਿਰ ਇਨਸਾਫ ਲਈ ਜੰਗ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਬਾਦਲਾਂਬਾਰੇ ਕਿਹਾ ਕਿ ਇਹ ਸਜ਼ਾ ਦੇ ਹੱਕਦਾਰ ਹਨ। ਸਿੱਧੂ ਨੇ ਅਜਿਹੇ ਮੌਕੇ ਬੇਅਦਬੀ ਦੇ ਇਨਸਾਫ ਦਾ ਮਸਲਾ ਇੱਕ ਵਾਰ ਫਿਰ ਉਠਾਇਆ ਹੈ, ਜਦ ਨਵੀਂ ਐਸ ਆਈ ਟੀ ਨੇ ਇਸ ਕੇਸ ਵਿੱਚ ਅੱਧਾ ਦਰਜਨ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਪਹਿਲਾ ਚਾਲਾਣ ਅਦਾਲਤ ਨੂੰ ਪੇਸ਼ ਕੀਤਾ ਹੈ। ਕੱਲ੍ਹ ਸਿੱਧੂ ਨੇ ਟਵੀਟ ਕਰ ਕੇ 2018 ਦੇ ਕੁਝ ਵੀਡੀਓ ਸ਼ੇਅਰ ਕੀਤੇ, ਜਿਨ੍ਹਾਂ ਵਿੱਚ ਇੱਕ ਜਲਸੇ ਵਿੱਚ ਉਹ ਬੇਅਦਬੀ ਦੇ ਇਨਸਾਫ ਦੀ ਲੜਾਈ ਅਤੇ ਬਾਦਲਾਂ ਨੂੰ ਜੇਲ੍ਹ ਭੇਜਣ ਦੀ ਗੱਲ ਕਰ ਰਹੇ ਹਨ। ਇੰਨਾ ਲੰਬਾ ਸਮਾਂ ਬੀਤਣ



ਪਿੱਛੋਂ ਵੀ ਇਸ ਬਾਰੇ ਅਜੇ ਤਕ ਕੋਈ ਖਾਸ ਤਰੱਕੀ ਨਹੀਂ ਹੋਈ। ਸਿੱਧੂ ਪੁਰਾਣਾ ਵੀਡੀਓ ਸ਼ੇਅਰ ਕਰ ਕੇ ਇੱਕ ਤੀਰ ਨਾਲ ਦੋ ਸ਼ਿਕਾਰ ਕਰ ਰਹੇ ਹਨ। ਇੱਕ ਪਾਸੇ ਉਹ ਜਿੱਥੇ ਬਾਦਲਾਂ ਦੇ ਖਿਲਾਫ ਦੋਬਾਰਾ ਮੋਰਚਾ ਖੋਲ੍ਹਣ ਦੀ ਗੱਲ ਕਰਦੇ ਹਨ, ਦੂਸਰੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਵੀ ਨਿਸ਼ਾਨਾ ਵਿੰਨ੍ਹ ਰਹੇ ਹਨ, ਕਿਉਂਕਿ ਸੂਬੇ ਵਿੱਚ ਸਰਕਾਰ ਕਾਂਗਰਸ ਦੀ ਹੈ ਅਤੇ ਇਹ ਸਿੱਖਾਂ ਲਈ ਭਾਵਨਾਤਮਕ ਮੁੱਦਾ ਹੈ।

ਨਵਜੋਤ ਸਿੰਘ ਸਿੱਧੂ ਨੇ ਟਵੀਟ ਵਿੱਚ ਲਿਖਿਆ ਕਿ ਇਨਸਾਫ ਦੀ ਜੰਗ ਜਾਰੀ ਰਹੇਗੀ। ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਦੇ ਸੀਨੀਅਰ ਨੇਤਾ ਐਸ ਆਈ ਟੀ ਦੀ ਜਾਂਚ ਕਰਨ ਤੋਂ ਇਸ ਲਈ ਕਤਰਾਉਂਦੇ ਹਨ ਕਿ ਦੋਸ਼ੀਆਂ ਨੂੰ ਸਜ਼ਾ ਦੇਣਾ ਅਦਾਲਤਾਂ ਦਾ ਕੰਮ ਹੈ, ਐਸ ਆਈ ਟੀ ਜਾਂਚ ਕਰ ਰਹੀ ਹੈ, ਪਰ ਸਿੱਧੂ ਇਸ ਮੁੱਦੇ ਨੂੰ ਵਾਰ-ਵਾਰ ਚੁੱਕ ਕੇ ਖੁਦ ਆਪਣੀ ਸਰਕਾਰ ਅਤੇ ਕਾਂਗਰਸ ਲਈ ਮੁਸ਼ਕਲਾਂ ਖੜ੍ਹੀਆਂ ਕਰ ਰਹੇ ਹਨ।

## ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਗੱਲ ਕਰ ਕੇ ਗੁਨਾਹ ਨਹੀਂ ਕੀਤਾ: ਅਨਿਲ ਜੋਸ਼ੀ

ਅੰਮ੍ਰਿਤਸਰ, 12 ਜੁਲਾਈ (ਪੋਸਟ ਬਿਊਰੋ)- ਸਾਬਕਾ ਭਾਜਪਾ ਮੰਤਰੀ ਅਨਿਲ ਜੋਸ਼ੀ ਆਪਣੇ ਸਿਆਸੀ ਭਵਿੱਖ ਬਾਰੇ ਕੋਈ ਵੀ ਫੈਸਲਾ ਇੱਕ ਮਹੀਨੇ ਬਾਅਦ ਸਵੈ ਮੰਥਨ ਅਤੇ ਸਥਿਤੀਆਂ ਦਾ ਜਾਇਜ਼ਾ ਲੈਣ ਮਗਰੋਂ ਲੈਣਗੇ। ਉਨ੍ਹਾਂ ਨੂੰ ਪੰਜਾਬ ਭਾਜਪਾ ਨੇ ਅਨੁਸ਼ਾਸਨਹੀਣਤਾ ਦੇ ਦੋਸ਼ ਹੇਠ ਪਾਰਟੀ ਵਿੱਚੋਂ ਛੇ ਸਾਲਾਂ ਲਈ ਬਾਹਰ ਕੱਢ ਦਿੱਤਾ ਹੈ।



ਪੰਜਾਬ ਭਾਜਪਾ ਦੀ ਇਸ ਕਾਰਵਾਈ ਪਿੱਛੋਂ ਮੀਡੀਆ ਨਾਲ ਗੱਲਬਾਤ ਦੌਰਾਨ ਜੋਸ਼ੀ ਨੇ ਆਖਿਆ ਕਿ ਕਿਸਾਨਾਂ ਅਤੇ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਗੱਲ ਕਰ ਕੇ ਉਨ੍ਹਾਂ ਕੋਈ ਗੁਨਾਹ ਨਹੀਂ ਕੀਤਾ, ਜਿਸ ਲਈ ਪਾਰਟੀ ਦੇ ਇਸ ਫੈਸਲੇ ਕਾਰਨ ਸ਼ਰਮਿੰਦਗੀ ਮਹਿਸੂਸ ਹੋਵੇ। ਉਨ੍ਹਾਂ ਪਾਰਟੀ ਦੀ ਸਾਖ ਬਚਾਉਣ ਲਈ ਸਭ ਕੁਝ ਕੀਤਾ ਹੈ, ਇਸ ਲਈ ਪਾਰਟੀ ਵੱਲੋਂ ਕੀਤਾ ਫੈਸਲਾ ਕੋਈ ਸਜ਼ਾ ਨਹੀਂ, ਸਗੋਂ ਇਹ ਗੋਲਡ ਮੈਡਲ ਹੈ। ਉਨ੍ਹਾਂ ਕਿਹਾ ਕਿ ਅੱਜ ਪੈਦਾ ਹੋਈ ਸਥਿਤੀ ਲਈ ਪੰਜਾਬ ਭਾਜਪਾ ਦੀ ਟੀਮ ਜ਼ਿੰਮੇਵਾਰ ਹੈ, ਜੋ ਨਾ ਕਿਸਾਨਾਂ ਦੀ ਗੱਲ ਸਹੀ ਸਮੇਂਸਹੀ ਢੰਗ ਨਾਲ ਕੇਂਦਰ ਕੋਲ ਰੱਖ ਸਕੀ ਅਤੇ ਨਾ ਹੀ ਭਾਜਪਾ ਵਰਕਰਾਂ ਦੇ ਮਾਣ ਸਨਮਾਨ ਦੀ ਰਾਖੀ ਕਰ ਸਕੀ ਹੈ, ਇਸ ਲਈ ਪੰਜਾਬ ਭਾਜਪਾ ਦੀ ਸਾਖ ਨੂੰ ਵੱਡੀ ਸੱਟ ਲੱਗੀ ਤੇ ਨੈਤਿਕ ਆਧਾਰ ਉੱਤੇ ਪੰਜਾਬ ਭਾਜਪਾ ਦੇ ਪ੍ਰਧਾਨ ਨੂੰ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਲੰਮੇ ਸਮੇਂ ਤੋਂ ਪਾਰਟੀ ਦੇ ਅੰਦਰੂਨੀ ਮੰਚ ਤੋਂ ਦੁਹਾਈ ਦੇ ਰਹੇ ਸਨ ਕਿ ਸਥਿਤੀ ਬਾਰੇ ਪਾਰਟੀ ਦੇ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਦੀ ਮੀਟਿੰਗ ਸੱਦੀ ਜਾਵੇ, ਪਰ ਕੋਈ ਸੁਣਵਾਈ ਨਹੀਂ ਕੀਤੀ ਗਈ। ਜੇ ਸਹੀ ਸਮੇਂ ਉੱਤੇ ਕਿਸਾਨਾਂ ਨਾਲ ਗੱਲ ਕੀਤੀ ਜਾਂਦੀ ਤਾਂ ਸ਼ਾਇਦ ਅੱਜ ਇਹ ਸਥਿਤੀ ਪੈਦਾ ਨਾ ਹੁੰਦੀ।

ਆਪਣੇ ਸਿਆਸੀ ਭਵਿੱਖ ਬਾਰੇ ਉਨ੍ਹਾਂ ਕਿਹਾ ਕਿ ਉਹ ਅੰਮ੍ਰਿਤਸਰ ਉਤਰੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਗੇ। ਉਹ ਸਿਆਸਤਦਾਨ ਹਨ ਤੇ ਸਿਆਸਤਦਾਨ ਰਹਿਣਗੇ। ਇੱਕ ਮਹੀਨਾ ਸਵੈ ਮੰਥਨ ਅਤੇ ਸਥਿਤੀ ਦਾ ਜਾਇਜ਼ਾ ਲੈਣ ਮਗਰੋਂ ਅਗਲਾ ਫੈਸਲਾ ਕਰਨਗੇ। ਆਮ ਆਦਮੀ ਪਾਰਟੀਜਾਂ ਹੋਰ ਪਾਰਟੀਆਂ ਵਿੱਚ ਸ਼ਾਮਲ ਹੋਣ ਦੀ ਚਰਚਾ ਨੂੰ ਉਨ੍ਹਾਂ ਅਫਵਾਹ ਕਰਾਰ ਦੇ ਕੇ ਕਿਹਾ ਕਿ ਉਹ ਭਾਜਪਾ ਦੇ ਵਰਕਰ ਹਨ, ਜਿਸ ਨੇ ਤਿੰਨ ਦਹਾਕੇ ਤੋਂ ਵੱਧ ਸਮਾਂ ਪਾਰਟੀ ਲਈ ਕੰਮ ਕੀਤਾ ਹੈ। ਭਾਜਪਾ ਵੱਲੋਂ ਆਪਣੇ ਬਲਬੂਤੇਪੰਜਾਬ ਵਿੱਚ 117 ਵਿਧਾਨ ਸਭਾ ਹਲਕਿਆਂ ਤੋਂ ਚੋਣ ਲੜਨ ਦੇ ਦਾਅਵੇ ਬਾਰੇ ਉਨ੍ਹਾਂ ਕਿਹਾ ਕਿ ਇਹ ਸਭ ਕੁਝ 'ਮੁੰਗੇਰੀ ਲਾਲ ਦੇ ਸੁਫਨੇ'ਵਾਂਗ ਹੈ। ਉਨ੍ਹਾਂ ਕਿਹਾ ਕਿ ਇਹ ਭਾਜਪਾ ਆਗੂ ਦਫਤਰਾਂ ਵਿੱਚ ਬੈਠ ਕੇ ਅਤੇ ਵਰਚੁਅਲ ਮੀਟਿੰਗਾਂ ਰਾਹੀਂ ਆਪਣੇ ਆਲੇ ਦੁਆਲੇ ਭਰਮ ਦਾ ਜਾਲ ਬਣਾ ਬੈਠੇ ਹਨ। ਇਸ ਵੇਲੇ ਸਥਿਤੀ ਇਹ ਹੈ ਕਿ ਉਹ ਇਕੱਲੇ ਬਿਨਾਂ ਸੁਰੱਖਿਆ ਛਤਰੀ ਤੋਂ ਘਰੋਂ ਨਹੀਂ ਨਿਕਲ ਸਕਦੇ।ਪਾਰਟੀ ਦੇ ਇਸ ਫੈਸਲੇ ਨੂੰ ਉਨ੍ਹਾਂ ਪਾਰਟੀ ਲਈ ਤਿੰਨ ਦਹਾਕੇ ਤੋਂ ਵੱਧ ਸਮਾਂ ਤਨਦੇਹੀ ਨਾਲ ਕੰਮ ਕੀਤਾ ਹੈ। ਪਾਰਟੀ ਤੋਂ ਉਨ੍ਹਾਂ ਨੂੰ ਮਾਣ ਸਨਮਾਨ ਵੀ ਮਿਲਿਆ ਹੈ, ਪਰ ਹੁਣ ਪਾਰਟੀ ਦੀ ਸਾਖ ਬਚਾਉਣ, ਵਰਕਰਾਂ ਦੇ ਮਾਣ ਸਨਮਾਨ ਦੀ ਰਾਖੀ ਲਈ ਅਤੇ ਕਿਸਾਨਾਂ ਦੀ ਗੱਲ ਸੁਣਨ ਲਈ ਕਹਿਣ ਦਾ ਇਹ ਸਿੱਟਾ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਦੇ ਮਨ ਨੂੰ ਠੇਸ ਪੁੱਜੀ ਹੈ।

## ਅਮਰੀਕਾ ਵਿੱਚ ਵਿਆਹ ਕਰਵਾ ਕੇ ਸੈਟਲ ਕਰਨ ਦੇ ਝਾਂਸੇ ਨਾਲ ਲੱਖਾਂ ਰੁਪਏ ਠੱਗੇ

ਜਲੰਧਰ, 12 ਜੁਲਾਈ (ਪੋਸਟ ਬਿਊਰੋ)- ਛੋਟੀ ਬਾਰਾਦਰੀ ਫੇਜ-2 ਵਿੱਚ ਰਹਿੰਦੇ ਇੱਕ ਨੌਜਵਾਨ ਦਾ ਅਮਰੀਕਾ ਵਿੱਚ ਵਿਆਹ ਕਰਵਾ ਕੇ ਉਸ ਨੂੰ ਸੈਟਲ ਕਰਨ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਠੱਗਣ ਵਾਲੇ ਫਰਜ਼ੀ ਟ੍ਰੈਵਲ ਏਜੰਟ ਉੱਤੇ ਥਾਣਾ-7 ਦੀ ਪੁਲਸ ਨੇ ਕੇਸ ਦਰਜ ਕੀਤਾ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬਲਜਿੰਦਰਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਛੋਟੀ ਬਾਰਾਦਰੀ ਫੇਜ-2 ਨੇ ਕਿਹਾ ਕਿ ਉਸ ਨੇ ਆਪਣੇ ਬੇਟੇ ਦਮਨਪਾਲ ਨੂੰ ਵਿਦੇਸ਼ ਭੇਜਣਾ ਸੀ। ਇਸ ਲਈ ਕਿਸੇ ਜਾਣਕਾਰ ਨੇ ਉਸ ਦੀ ਮੁਲਾਕਾਤ ਯੋਗਰਾਜ ਨਾਲ ਕਰਵਾ ਦਿੱਤੀ, ਜਿਸਨਾਲ ਸਾਰੀ ਗੱਲ ਕਰਨ ਦੇ ਬਾਅਦ ਉਸ ਨੇ ਦਮਨਪਾਲ ਨੂੰ ਅਮਰੀਕਾ ਵਿੱਚ ਵਿਆਹ ਕਰਨ ਦੇ ਬਾਅਦ ਉਥੇ ਸੈਟਲ



ਕਰਵਾਉਣ ਦਾ ਭਰੋਸਾ ਦਿੱਤਾ। ਇਸ ਕੰਮ ਦੇ ਲਈ ਉਸ ਨੇ ਬਲਵਿੰਦਰ ਸਿੰਘ ਤੋਂ 22 ਲੱਖ ਰੁਪਏ ਦੀ ਮੰਗ ਕੀਤੀ। ਬਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਯੋਗਰਾਜ ਨੂੰ ਅੱਠ ਲੱਖ ਰੁਪਏ ਦਿੱਤੇ। ਬਾਕੀ ਪੈਸੇ ਕੰਮ ਹੋਣ ਦੇ ਬਾਅਦ ਦੇਣੇ ਸਨ, ਪਰ ਅੱਠ ਲੱਖ ਰੁਪਏ ਲੈਣ ਦੇ ਕਾਫੀ ਸਮਾਂ ਬੀਤਣ ਦੇ ਬਾਵਜੂਦ ਯੋਗਰਾਜ ਨੇ ਦਮਨਪਾਲ ਨੂੰ ਵਿਦੇਸ਼ ਭੇਜਣ ਲਈ ਕੋਈ ਕੰਮ ਨਹੀਂ ਕੀਤਾ। ਉਸ ਨੇ ਜਦੋਂ ਏਜੰਟ ਤੋਂ ਆਪਣੇ ਪੈਸੇ ਮੰਗਣੇ ਸ਼ੁਰੂ ਕੀਤੇ ਤਾਂ ਉਹ ਟਾਲਣ ਲੱਗਾ। ਬਲਜਿੰਦਰ ਸਿੰਘ ਨੇ ਯੋਗਰਾਜ ਖ਼ਿਲਾਫ਼ 26 ਜੁਲਾਈ 2017 ਨੂੰ ਪੁਲਸ ਕੋਲ ਸ਼ਿਕਾਇਤ ਕਰ ਦਿੱਤੀ ਤਾਂ ਯੋਗਰਾਜ ਨੇ ਅੱਠ ਲੱਖ ਰੁਪਏ ਵਾਪਸ ਕਰਨ ਦਾ ਕਹਿ ਕੇ ਰਾਜੀਨਾਮਾ ਕਰ ਲਿਆ। ਫਿਰ ਉਸ ਨੇ ਬਲਵਿੰਦਰ ਸਿੰਘ ਨੂੰ 3.50 ਲੱਖ ਰੁਪਏ ਵਾਪਸ ਕਰ ਦਿੱਤੇ ਅਤੇ ਜਲਦੀ ਹੀ 4.50 ਲੱਖ ਰੁਪਏ ਵਾਪਸ ਕਰਨ ਦਾ ਭਰੋਸਾ ਦਿੱਤਾ,ਪਰ ਕਹੇ ਹੋਏ ਸਮੇਂਉੱਤੇ ਪੈਸੇ ਨਾ ਵਾਪਸ ਕਰਨ 'ਤੇ ਜਦੋਂ ਬਲਜਿੰਦਰ ਸਿੰਘ ਨੇ ਯੋਗਰਾਜ ਨਾਲ ਗੱਲ ਕੀਤੀ ਤਾਂ ਟਾਲਮਟੋਲ ਕਰਨ ਦੇ ਬਾਅਦ ਉਸ ਨੇ ਪੈਸੇ ਵਾਪਸ ਕਰਨ ਤੋਂ ਮਨਾ ਕਰ ਦਿੱਤਾ। ਪੀੜਤ ਨੇ ਇਸ ਸਬੰਧੀ ਦੋਬਾਰਾ ਏਜੰਟ ਖ਼ਿਲਾਫ਼ ਪੁਲਸ ਵਿੱਚ ਸ਼ਿਕਾਇਤ ਕਰ ਦਿੱਤੀ, ਜਿਸ ਦੀ ਜਾਂਚ ਦੇ ਬਾਅਦ ਪੁਲਸ ਨੇ ਯੋਗਰਾਜ ਖ਼ਿਲਾਫ਼ ਥਾਣਾ-7 ਵਿੱਚ ਕੇਸ ਦਰਜ ਕਰ ਲਿਆ। ਪੁਲਸ ਦਾ ਕਹਿਣਾ ਹੈ ਕਿ ਜਲਦ ਹੀ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਕੋਟਕਪੂਰਾ ਗੋਲੀਕਾਂਡ : ਅਦਾਲਤ ਵੱਲੋਂ ਉਮਰਾਨੰਗਲ ਦਾ ਨਾਰਕੋ ਟੈਸਟ ਕਰਾਉਣ ਨੂੰ ਹਰੀ ਝੰਡੀ

ਫ਼ਰੀਦਕੋਟ, 12 ਜੁਲਾਈ (ਪੋਸਟ ਬਿਊਰੋ)- ਕੋਟਕਪੂਰਾ ਗੋਲੀਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵੱਲੋਂ ਸਥਾਨਕ ਅਦਾਲਤ ਵਿੱਚ ਕੀਤੀ ਮੰਗ ਦੇ ਅਨੁਸਾਰ ਜੂਨੀਅਰ ਮੈਜਿਸਟਰੇਟ ਦੀ ਅਦਾਲਤ ਨੇ ਸੁਪਰੀਮ ਕੋਰਟ ਦੀਆਂ ਗਾਈਡਲਾਈਨਾਂ ਅਨੁਸਾਰ ਸਾਬਕਾ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦਾ ਨਾਰਕੋ ਟੈਸਟ ਕਰਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ। ਉਮਰਾਨੰਗਲ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਉਸਦਾ ਨਾਰਕੋ ਟੈਸਟ ਪੰਜਾਬ ਅਤੇ ਚੰਡੀਗੜ੍ਹ ਵਿੱਚੋਂ ਬਾਹਰ ਦੱਖਣੀ ਭਾਰਤ ਦੀ ਕਿਸੇ ਸਰਕਾਰੀ ਸਿਹਤ ਸੰਸਥਾ ਵਿੱਚ ਕੀਤਾ ਜਾਵੇ ਅਤੇ ਇਸ ਪ੍ਰਕਿਰਿਆ ਦੀ ਰਿਕਾਰਡਿੰਗ ਵੀ ਕੀਤੀ ਜਾਣੀ ਚਾਹੀਦੀ ਹੈ। ਇਸ ਮੌਕੇ ਪਰਮਰਾਜ ਸਿੰਘ ਉਮਾਰਾਨੰਗਲ ਨੇ ਅਦਾਲਤ ਨੂੰ ਇਹ




ਦੱਸਿਆ ਕਿ ਉਹ ਬਲੱਡ ਪ੍ਰੈਸ਼ਰ, ਡਾਇਬਟੀਜ਼ ਅਤੇ ਫ਼ੈਟੀ ਲੀਵਰ ਤੋਂ ਪੀੜਤ ਹੈ, ਇਸ ਲਈ ਨਾਰਕੋ ਟੈਸਟ ਕਰਨ ਲਈ ਨਿਰਧਾਰਤ ਮਿਤੀ ਅਤੇ ਸਥਾਨ ਬਾਰੇ ਉਸ ਨੂੰ ਬਹੁਤ ਪਹਿਲਾਂ ਜਾਣਕਾਰੀ ਦੇਣੀ ਹੋਵੇਗੀ। ਜਿੱਥੋਂ ਤਕ ਸਾਬਕਾ ਉਚ ਪੁਲਸ ਅਧਿਕਾਰੀਆਂ ਡੀ ਜੀ ਪੀ ਸੁਮੇਧ ਸੈਣੀ ਅਤੇ ਐਸ ਐਸ ਪੀ ਚਰਨਜੀਤ ਸ਼ਰਮਾ ਵੱਲੋਂ ਅਦਾਲਤ ਨੂੰ ਆਪਣਾ ਨਾਰਕੋ ਟੈਸਟ ਕਰਵਾਉਣ ਸਬੰਧੀ ਦਿੱਤੀ ਅਸਹਿਮਤੀ ਦਾ ਸਵਾਲ ਹੈ, ਫਿਲਹਾਲ ਅਦਾਲਤ ਨੇ ਇਸ ਨੂੰ ਰੱਦ ਕਰ ਦਿੱਤਾ ਹੈ।

## ਰੰਜਿਸ਼ ਕਾਰਨ ਚਾਚੇ ਦੇ ਪੁੱਤ ਵੱਲੋਂ ਹੱਤਿਆ

ਕਪੂਰਥਲਾ, 12 ਜੁਲਾਈ (ਪੋਸਟ ਬਿਊਰੋ)- ਨੇੜਲੇ ਕਸਬਾ ਕਾਲਾ ਸੰਘਿਆਂ ਵਿੱਚ ਕਿਸਾਨ ਪਰਵਾਰਾਂ ਨਾਲ ਸਬੰਧਤ ਦੋ ਵਿਅਕਤੀਆਂ ਵਿੱਚ ਰਸਤੇ ਨੂੰ ਲੈ ਕੇ ਰੱਫੜ ਚੱਲ ਰਿਹਾ ਸੀ। ਇਸ ਦੌਰਾਨ ਨੌਬਤ ਹੱਥੋਪਾਈ ਤੇ ਕੁੱਟਮਾਰ ਤਕ ਪਹੁੰਚ ਗਈ ਤਾਂ ਚਚੇਰੇ ਭਰਾ ਨੇ ਤਾਏ ਦੇ ਪੁੱਤਰ ਨੂੰ ਕੁੱਟ-ਕੁੱਟ ਕੇ ਪਾਣੀ ਦੀ ਹੌਦੀ ਵਿੱਚ ਸੁੱਟ ਦਿੱਤਾ। ਜਦੋਂ ਤੱਕ ਪਰਵਾਰ ਵਾਲੇ ਬਾਹਰ ਨਿਕਲਦੇ, ਉਦੋਂ ਤਕ ਉਸ ਵਿਅਕਤੀ ਦੀ ਮੌਤ ਹੋ ਚੁੱਕੀ ਸੀ।ਪੁਲਸ ਨੇ ਦੋਸ਼ੀ ਵਿਰੁੱਧ ਕੇਸ ਦਰਜ ਕਰ ਲਿਆ ਹੈ। ਮ੍ਰਿਤਕ ਦੀ ਪਛਾਣ ਬਲਦੇਵ ਸਿੰਘ ਵਾਸੀ ਕਾਲਾ ਸੰਘਿਆਂ ਵਜੋਂ ਹੋਈ ਹੈ।

ਮ੍ਰਿਤਕ ਦੇ ਪੁੱਤਰ ਸਰਬਜੀਤ ਸਿੰਘ ਨੇ ਥਾਣਾ ਸਦਰ ਪੁਲਸ ਨੂੰ ਦੱਸਿਆ ਕਿ ਇਹ ਉਨ੍ਹਾਂ ਦੀ ਜੱਦੀ ਜ਼ਮੀਨ ਹੈ ਤੇ ਟਿਊਬਵੈਲ ਉੱਤੇ ਸਾਂਝੀ ਮੋਟਰ ਲੱਗੀ ਹੈ। ਉਸ ਨੇ ਦੱਸਿਆ ਕਿ ਰਸਤੇ ਬਾਰੇ ਉਸ ਦੇ ਪਿਤਾ ਅਤੇ ਚਾਚੇ ਦਾ ਤਰਸੇਮ ਸਿੰਘ ਵਾਸੀ ਕਾਲਾ ਸੰਘਿਆਂ ਨਾਲ ਝਗੜਾ ਚੱਲ ਰਿਹਾ ਸੀ। ਇਸ ਬਾਰੇ ਕਈ ਵਾਰ ਘਰੇਲੂ ਤੇ ਪੰਚਾਇਤੀ ਫੈਸਲੇ ਹੋਏ ਸਨ, ਪਰ ਉਸ ਦੇ ਪਿਤਾ ਦੇ ਚਾਚੇ ਦਾ ਪੁੱਤਰ ਹਮੇਸ਼ਾ ਝਗੜੇ ਦਾ ਬਹਾਨਾ ਲੱਭਦਾ ਸੀ। ਬੀਤੇ ਸ਼ਨੀਵਾਰ ਉਸ ਦਾ ਪਿਤਾ ਸਾਂਝੀ ਮੋਟਰ ਉੱਤੇ ਜ਼ਮੀਨ ਦੀ ਦੇਖਭਾਲ ਕਰਨ ਗਿਆ, ਪਰ ਵਾਪਸ ਨਹੀਂ ਪਰਤਿਆ। ਜਦੋਂ ਉਹ ਮਾਂ ਨਾਲ ਟਿਊਬਵੈਲ ਵੱਲ ਜਾ ਰਹੇ ਸਨ ਤਾਂ ਵੇਖਿਆ ਕਿ ਤਰਸੇਮ ਨੇ ਉਸ ਦੇ ਪਿਤਾ ਨੂੰ ਵਾਲਾਂ ਤੋਂ ਫੜਿਆ ਹੋਇਆ ਸੀ ਅਤੇ ਮੋਟਰ ਦੀ ਹੌਦੀ ਦੇ ਕਿਨਾਰਿਆਂ (ਚੁਬੱਚੇ) ਵਿੱਚ ਜ਼ੋਰ-ਜ਼ੋਰ ਨਾਲ ਸਿਰ ਮਾਰ ਰਿਹਾ ਸੀ। ਜਦੋਂ ਤਰਸੇਮ ਨੇ ਉਨ੍ਹਾਂ ਨੂੰ ਆਉਂਦਿਆਂ ਵੇਖਿਆ ਤਾਂ ਉਹ ਉਨ੍ਹਾਂ ਦੇ ਪਿਤਾ ਦਾ ਸਿਰ ਹੌਦੀ ਵਿੱਚ ਸੁੱਟ ਕੇ ਖਿਸਕ ਗਿਆ। ਉਨ੍ਹਾਂ ਨੇ ਆਪਣੀ ਮਾਂ ਦੀ ਮੱਦਦ ਨਾਲ ਪਿਤਾ ਨੂੰ ਬਾਹਰ ਕੱਢਿਆ, ਪਰ ਉਦੋਂ ਤੱਕ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ।



## ਪੁਲਸ ਦੇ ਦਬਾਅ ਪਿੱਛੋਂ ਏਜੰਟ ਨੇ ਨੌਜਵਾਨ ਨੂੰ ਤਾਲਿਬਾਨ ਤੋਂ ਛੁਡਾ ਕੇ ਹਸਪਤਾਲ ਪੁਚਾਇਆ

ਫਿਲੌਰ, 12 ਜੁਲਾਈ (ਪੋਸਟ ਬਿਊਰੋ)- ਏਜੰਟ ਵੱਲੋਂ ਵਿਦੇਸ਼ ਭੇਜਣ ਦੇ ਝਾਂਸੇ ਵਿੱਚ ਤਾਲਿਬਾਨਕੋਲ ਵੇਚੇ ਗਏ ਨੇੜਲੇ ਪਿੰਡ ਰਾਮਗੜ੍ਹ ਦੇ ਨੌਜਵਾਨ ਕੁਲਦੀਪ ਸਿੰਘ ਨੂੰ ਏਜੰਟ ਵੱਲੋਂ ਪੁਲਸ ਦੇ ਦਬਾਅ ਵਿੱਚ ਆ ਕੇ ਛੁਡਵਾ ਕੇ ਤੁਰਕੀ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ ਦੱਸਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਪੀੜਤ ਨੌਜਵਾਨ ਕੁਲਦੀਪ ਸਿੰਘ (30) ਦੀ ਮਾਤਾ ਜੋਗਿੰਦਰ ਕੌਰ ਨੇ ਬੀਤੇ ਦਿਨੀਂ ਆਪਣੇ ਬੇਟੇ ਦੀ ਵੀਡੀਓ ਦੇਖ ਕੇ ਸਥਾਨਕ ਪੁਲਸ ਨੂੰ ਦੱਸਿਆ ਸੀ। ਉਸ ਨੇ ਦੱਸਿਆ ਕਿ ਪਿਛਲੇ ਮਹੀਨੇ ਦੀ 16 ਜੂਨ ਨੂੰ ਉਸ ਨੇ ਲੁਧਿਆਣੇ ਦੇ ਬੇਟ ਦੇ ਰਹਿਣ ਵਾਲੇ ਏਜੰਟ ਪ੍ਰੀਤਪਾਲ ਸਿੰਘ ਅਤੇ ਉਸ ਦੇ ਬੇਟੇ ਗਗਨ ਰਾਹੀਂ ਆਪਣੇ ਬੇਟੇ ਕੁਲਦੀਪ ਨੂੰ ਛੇ ਲੱਖ ਰੁਪਏ ਵਿੱਚ ਗ੍ਰੀਸ ਭੇਜਿਆ ਸੀ, ਪਰ ਰੁਪਏ ਲੈਣ ਤੋਂ ਬਾਅਦ ਏਜੰਟਾਂ ਨੇ ਪਹਿਲਾਂ ਉਸ ਨੂੰ ਕਿਸੇ ਛੋਟੇ ਦੇਸ਼ ਵਿੱਚ ਵਿੱਕੀ ਨਾਮੀ ਵਿਅਕਤੀ ਕੋਲ ਵੇਚ ਦਿੱਤਾ। ਵਿੱਕੀ ਨੇ ਉਨ੍ਹਾਂ ਤੋਂ ਸਵਾ ਲੱਖ ਲੈ ਕੇ ਉਸ ਨੂੰ ਅੱਗੇ ਵੇਚ ਦਿੱਤਾ। ਉਹ ਜਿਨ੍ਹਾਂ ਕੋਲ ਹੈ, ਉਹ ਖੁਦ ਨੂੰ ਤਾਲਿਬਾਨ ਦੇ ਲੜਾਕੇ ਦੱਸਦੇ ਅਤੇ ਉਸ ਦੇ ਬੇਟੇ ਦੀ ਰੋਜ਼ਾਨਾ ਚਾਕੂਆਂ ਨਾਲ ਚੀਰ-ਫਾੜ ਕਰਨ ਦੀ ਵੀਡੀਓ ਭੇਜ ਕੇ ਪੰਜ ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕਰ ਰਹੇ ਹਨ।

ਇਸ ਦੌਰਾਨ ਪੁਲਸ ਨੇ ਕੇਸ ਦਰਜ ਕਰ ਕੇ ਏਜੰਟ ਪ੍ਰੀਤਪਾਲ ਨੂੰ ਫੜ ਲਿਆ ਸੀ। ਪੁਲਸ ਨੇ ਉਸਦੇ ਪਰਵਾਰ ਅਤੇ ਫਰਾਰ ਬੇਟੇ ਗਗਨ ਉੱਤੇ ਪੂਰਾ ਦਬਾਅ ਬਣਾਈ ਰੱਖਿਆ, ਜਿਸ ਪਿੱਛੋਂ ਏਜੰਟ ਦੇ ਬੇਟੇ ਗਗਨ ਨੇ ਪੀੜਤ ਕੁਲਦੀਪ ਦੀ ਮਾਤਾ ਜੋਗਿੰਦਰ ਕੌਰ ਨੂੰ ਫ਼ੋਨ ਕਰਕੇ ਵਿਸ਼ਵਾਸ ਦਿਵਾਇਆ ਕਿ ਉਹ ਉਸ ਦੇ ਬੇਟੇ ਨੂੰ ਉਨ੍ਹਾਂ ਦੀ ਹਿਰਾਸਤ ਵਿੱਚੋਂ ਕੱਢੇਗਾ, ਬਦਲੇ ਵਿੱਚ ਉਹ ਅੱਗੇ ਕੋਈ ਕਾਰਵਾਈ ਨਾ ਕਰਾਉਣ। ਪਤਾ ਲੱਗਾ ਹੈ ਕਿ ਪੀੜਤ ਲੜਕੇ ਨੂੰ ਛੱਡ ਦਿੱਤਾ ਗਿਆ। ਇਸਦੀ ਪੁਸ਼ਟੀ ਪੁਲਸ ਅਧਿਕਾਰੀ ਨੇ ਕਰਦਿਆਂ ਦੱਸਿਆ ਕਿ ਕੁਲਦੀਪ ਤੁਰਕੀ ਦੇ ਹਸਪਤਾਲ ਵਿੱਚ ਸੁਰੱਖਿਅਤ ਹੈ।

## ਭਰੂਣ ਲਿੰਗ ਜਾਂਚ : ਹਰਿਆਣਾ ਸਿਹਤ ਵਿਭਾਗ ਦੀ ਟੀਮ ਨੇ ਮੋਗਾ ਵਿੱਚ ਫਿਰ ਸਕੈਨ ਸੈਂਟਰ ਸੀਲ ਕੀਤਾ

ਮੋਗਾ, 12 ਜੁਲਾਈ (ਪੋਸਟ ਬਿਊਰੋ)- ਕੱਲ੍ਹ ਸ਼ਾਮ ਹਰਿਆਣਾ ਸਿਹਤ ਵਿਭਾਗ ਦੀ ਟੀਮ ਨੇ ਸਥਾਨਕ ਖਾਲਸਾ ਸਕੂਲ ਰੋਡ ਉਤੇ ਮਿੱਤਲ ਲੈਬ ਐਂਡ ਸੀਟੀ ਸਕੈਨ ਸੈਂਟਰ ਉੱਤੇ ਛਾਪਾ ਮਾਰ ਕੇ ਗੈਰ ਕਾਨੂੰਨੀ ਗਰਭਪਾਤ ਲਿੰਗ ਜਾਂਚ ਦਾ ਪਰਦਾਫਾਸ਼ ਕੀਤਾ ਹੈ। ਇਹ ਗੈਰ ਕਾਨੂੰਨੀ ਲਿੰਗ ਜਾਂਚ ਕੇਂਦਰ ਜ਼ਿਲ੍ਹਾ ਪੁਲਸ ਮੁਖੀ ਦੀ ਰਿਹਾਇਸ਼ ਤੋਂ ਕਰੀਬ 100 ਮੀਟਰ ਦੂਰੀ ਉੱਤੇ ਹੈ। ਹਰਿਆਣਾ ਸਿਹਤ ਵਿਭਾਗ ਦਾ ਇਸ ਕੇਂਦਰ ਉੱਤੇ ਇਹ ਦੂਜਾ ਛਾਪਾ ਹੈ, ਜਿਸ ਦੇ ਕਾਰਨ ਸਥਾਨਕ ਸਿਹਤ ਵਿਭਾਗ ਅਧਿਕਾਰੀਆਂ ਉੱਤੇ ਵੀ ਸਵਾਲ ਖੜ੍ਹੇ ਕੀਤੇ ਜਾਣ ਲੱਗ ਪਏ ਹਨ।

ਟੀਮ ਮੁਤਾਬਕ ਹਿਰਾਸਤ ਵਿੱਚ ਲਈ ਦਲਾਲ ਮੁਤਾਬਕ ਫਰਜ਼ੀ ਗਾਹਕ ਗਰਭਵਤੀ ਔਰਤ ਨਾਲ 35 ਹਜ਼ਾਰ ਵਿੱਚ ਸੌਦਾ ਕੀਤਾ ਗਿਆ ਸੀ। ਸਿਰਸਾ ਤੋਂ ਡਿਪਟੀ ਸਿਵਲ ਸਿਰਜਨ ਡਾਕਟਰ ਬੁੱਧ ਰਾਮ, ਨੋਡਲ ਅਫਸਰ ਹਰਸਿਮਰਨ ਸਿੰਘ ਤੇ ਕਾਰਜਕਾਰੀ ਮੈਜਿਸਟਰੇਟ ਨਾਇਬ ਤਹਿਸੀਲਦਾਰ ਰਾਹੁਲ ਰਾਠੀ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਮੋਗਾ ਵਿੱਚ ਵੱਡੇ ਪੱਧਰ ਉੱਤੇ ਲਿੰਗ ਜਾਂਚ ਤੇ ਗੈਰ ਕਾਨੂੰਨੀ ਗਰਭਪਾਤ ਦਾ ਧੰਦਾ ਚੱਲ ਰਿਹਾ ਹੈ। ਉਨ੍ਹਾਂ ਇੱਕ ਗਰਭਵਤੀ ਔਰਤ ਨੂੰ ਦਲਾਲਾਂ ਰਾਹੀਂ ਫਰਜ਼ੀ ਗਾਹਕ ਬਣਾ ਕੇ ਹਸਪਤਾਲ ਭੇਜਿਆ, ਜਦੋਂ ਉਸ ਦਾ ਅਲਟਰਾਸਾਊਂਡ ਕੀਤਾ ਜਾ ਰਿਹਾ ਸੀ ਤਾਂ ਟੀਮ ਮੌਕੇ ਉੱਤੇ ਪੁੱਜ ਗਈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੇ ਖਿਲਾਫ ਕੇਸ ਦਰਜ ਕਰਨ ਦੀ ਕਾਰਵਾਈ ਸਥਾਨਕ ਸਿਹਤ ਵਿਭਾਗ ਵੱਲੋਂ ਕੀਤੀ ਜਾਵੇਗੀ ਤੇ ਸਕੈਨ ਸੈਂਟਰ ਸੀਲ ਕਰ ਦਿੱਤਾ ਗਿਆ ਹੈ। ਸਿਟੀ ਪੁਲਸ ਨੇ ਘਣੀਆ ਜ਼ਿਲ੍ਹਾ ਫਰੀਦਕੋਟ ਦੀ ਦਲਾਲ ਔਰਤ ਨੂੰ ਹਿਰਾਸਤ ਵਿੱਚ ਲੈ ਲਿਆ। ਮਿੱਤਲ ਲੈਬ ਪ੍ਰਬੰਧਕ ਡਾਕਟਰ ਵਿਨੋਦ ਮਿੱਤਲ ਨੇ ਕਿਹਾ ਕਿ ਉਨ੍ਹਾਂ ਨੂੰ ਬਦਨਾਮ ਕਰਨ ਲਈ ਕੋਈ ਮੁਲਾਜ਼ਮ ਰਲਿਆ ਹੋ ਸਕਦਾ ਹੈ ਜਾਂ ਕੋਈ ਵੱਡੀ ਸਾਜ਼ਿਸ਼ ਹੈ।

### ਭਾਦਸੋਂ ਵਿੱਚ ਚਾਰ ਘੰਟੇ ਦੀ ਵੀਡੀਓ ਵਿੱਚ 21 ਨੌਜਵਾਨ ਨਸ਼ਾ ਖਰੀਦਦੇ ਦਿਸੇ

ਭਾਦਸੋਂ (ਪਟਿਆਲਾ), 12 ਜੁਲਾਈ (ਪੋਸਟ ਬਿਊਰੋ)- ਭਾਦਸੋਂ ਸ਼ਹਿਰ ਦੇ ਇੱਕ ਪਰਵਾਰ ਵੱਲੋਂ ਨਸ਼ਾ ਵੇਚਣ ਦਾ ਵੀਡੀਓ ਇੰਟਰਨੈਟ ਮੀਡੀਆ ਉੱਤੇ ਵਾਇਰਲ ਹੋਇਆ ਹੈ। ਅਨਾਜ ਮੰਡੀ ਨੇੜੇ ਇੱਕ ਘਰ ਦੇ ਬਾਹਰ ਬਣੀ ਚਾਰ ਘੰਟੇ ਦੀ ਇਸ ਵੀਡੀਓ ਵਿੱਚ 21 ਨੌਜਵਾਨਾਂ ਵੱਲੋਂ ਨਸ਼ਾ ਖਰੀਦਣ ਦਾ ਦਾਅਵਾ ਕੀਤਾ ਗਿਆ ਹੈ। ਸਾਰਿਆਂ ਦੀ ਉਮਰ 15 ਤੋਂ 20 ਸਾਲ ਦੇ ਵਿੱਚ ਹੈ। ਲੋਕਾਂ ਨੇ ਇਹ ਵੀਡੀਓ ਭਾਦਸੋਂ ਪੁਲਸ ਨੂੰ ਸੌਂਪ ਦਿੱਤੀ ਹੈ।

ਬਰਿੰਦਰ ਸਿੰਘ ਨੇ ਦੱਸਿਆ ਕਿ ਉਸ ਨੇ ਇਹ ਵੀਡੀਓ ਸ਼ੁੱਕਰਵਾਰ ਦੁਪਹਿਰੇ ਢਾਈ ਵਜੇ ਤੋਂ ਸ਼ਾਮ ਸਾਢੇ ਛੇ ਵਜੇ ਤਕ ਬਣਾਈ ਹੈ। ਉਸ ਨੇ ਦਾਅਵਾ ਕੀਤਾ ਕਿ ਦੋਸ਼ੀ ਪਰਵਾਰ ਚਾਰ ਔਰਤਾਂ, ਦੋ ਨੌਜਵਾਨਾਂ ਤੇ ਦੋ ਲੜਕੀਆਂ ਦੇ ਸਹਾਰੇ ਨਸ਼ੇ ਦਾ ਕਾਰੋਬਾਰ ਕਰਦਾ ਹੈ। ਉਸ ਨੇ ਦੋਸ਼ ਲਾਇਆ ਕਿ ਇਲਾਕੇ ਦਾ ਇੱਕ ਸੀਨੀਅਰ ਕਾਂਗਰਸੀ ਨੇਤਾ ਨਸ਼ਾ ਵੇਚਣ ਵਾਲਿਆਂ ਨੂੰ ਹਰ ਵਾਰ ਪੁਲਸ ਕਾਰਵਾਈ ਤੋਂ ਬਚਾ ਲੈਂਦਾ ਹੈ। ਇਸ ਕਾਰਨ ਪੁਲਸ ਘੱਟ ਨਸ਼ਾ ਦਿਖਾ ਕੇ ਕੇਸ ਰਫਾ ਦਫਾ ਕਰ ਦਿੰਦੀ ਹੈ। ਸੱਤਾਧਾਰੀ ਨੇਤਾਵਾਂ ਦੀ ਸ਼ਹਿ ਉੱਤੇ ਸ਼ਹਿਰ ਵਿੱਚ ਚਾਰ ਪਰਵਾਰ ਸ਼ਰੇਆਮ ਨਸ਼ਾ ਵੇਚਦੇ ਹਨ। ਉਨ੍ਹਾਂ ਨੇ ਕਿਹਾ ਕਿ ਨਸ਼ਾ ਵੇਚਣ ਵਾਲੇ ਫੋਨ ਉੱਤੇ ਜਾਨੋਂ ਮਾਰਨ ਦੀ ਧਮਕੀ ਦੇ ਰਹੇ ਹਨ।


**ਵਰਕਰ ਦੀ ਲੋੜ**

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

# ਭਾਜਪਾ ਵੱਲੋਂ ਸਰਕਾਰ ਪਿੱਛੋਂ ਸੰਗਠਨ ਦੇ ਬਦਲਾਅ ਲਈ ਤਿਆਰੀਆਂ

## * ਪੰਜਾਬ ਸਮੇਤ ਪੰਜ ਰਾਜਾਂ ’ਚ ਵਿਧਾਨ ਸਭਾ ਚੋਣਾਂ ਬਾਰੇ ਬੈਠਕ

ਨਵੀਂ ਦਿੱਲੀ, 12 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਮੰਤਰੀ ਮੰਡਲ ਵਿੱਚ ਵੱਡੇ ਫੇਰਬਦਲ ਪਿੱਛੋਂ ਭਾਜਪਾ ਦੇ ਸੰਗਠਨ ਵਿੱਚ ਵੀ ਬਦਲਾਅ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸੇ ਕੰਮ ਲਈ ਭਾਜਪਾ ਪ੍ਰਧਾਨ ਜੇ ਪੀ ਨੱਡਾ ਨੇ ਕੱਲ੍ਹ ਪਾਰਟੀ ਦੇ ਨੈਸ਼ਨਲ ਸੈਕਟਰੀਆਂ ਨਾਲ ਬੈਠਕ ਕਰ ਕੇ ਸੰਗਠਨ ਦੀਆਂ ਸਰਗਰਮੀਆਂ ਅਤੇ ਪੰਜ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਬਾਰੇ ਜਾਣਿਆ। ਬਾਅਦ ਵਿੱਚ ਉਹ ਸਾਰੇ ਜਣੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਉਨ੍ਹਾਂ ਦੀ ਰਿਹਾਇਸ਼ ਉੱਤੇ ਪਹੁੰਚੇ ਅਤੇ ਉਨ੍ਹਾਂ ਨੂੰ ਸਥਿਤੀ ਬਾਰੇ ਦੱਸਿਆ।



ਜਾਣਕਾਰ ਸੂਤਰਾਂ ਅਨੁਸਾਰ ਪਾਰਟੀ ਸੈਕਟਰੀਆਂ ਨਾਲ ਬੈਠਕ ਵਿੱਚ ਜੇ ਪੀ ਨੱਢਾ ਨੇ ਸੰਗਠਨ ਦੀਆਂ ਗਤੀਵਿਧੀਆਂ ਦੇ ਨਾਲ ਕੋਵਿਡ ਟੀਕਾਕਰਨ ਮੁਹਿੰਮ ਉੱਤੇ ਵੀ ਚਰਚਾ ਕੀਤੀ। ਕਰੀਬ ਇੱਕ ਘੰਟਾ ਚੱਲੀ ਇਸ ਬੈਠਕ ਦੌਰਾਨ ਚਰਚਾ ਦਾ ਕੇਂਦਰ ਵਿੱਚ ਉਹ ਪੰਜ ਸੂਬੇ ਉਤਰ ਪ੍ਰਦੇਸ਼, ਉਤਰਾਖੰਡ, ਪੰਜਾਬ, ਗੋਆ ਅਤੇ ਮਣੀਪੁਰ ਰਹੇ, ਜਿੱਥੇ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਉਤਰ ਪ੍ਰਦੇਸ਼ ਸਮੇਤ ਚਾਰ ਰਾਜਾਂ ਵਿੱਚ ਭਾਜਪਾ ਸਰਕਾਰ ਹੈ, ਪਰ ਪੰਜਾਬ ਵਿੱਚ ਕਾਂਗਰਸ ਸੱਤਾ ਵਿੱਚ ਹੈ। ਇਸ ਮੌਕੇ ਉਪ ਚੋਣਾਂ ਬਾਰੇ ਵੀ ਗੱਲਬਾਤ ਹੋਈ। ਸਮਝਿਆ ਜਾਂਦਾ ਹੈ ਕਿ ਪਾਰਟੀ ਲੀਡਰਸ਼ਿਪਕੇਂਦਰ ਸਰਕਾਰ ਤੋਂ ਨਿਕਲੇ ਨੇਤਾਵਾਂ ਨੂੰ ਸੰਗਠਨ ਵਿੱਚ ਲਿਆ ਕੇ ਸੰਤੁਲਨ ਕਾਇਮ ਰੱਖਣਾ ਚਾਹੁੰਦੀ ਹੈ। ਮਹਾਰਾਸ਼ਟਰ ਦੀ ਸਾਬਕਾ ਮੰਤਰੀ ਪੰਕਜਾ ਮੁੰਡੇ ਤੇ ਵਿਨੋਦ ਤਾਬੜੇ ਸਮੇਤ ਕਈ ਆਗੂਬੈਠਕ ਵਿੱਚ ਹਾਜ਼ਰ ਸਨ। ਪੰਕਜਾ ਦੀ ਹਾਜ਼ਰੀ ਇਸ ਲਈ ਅਹਿਮ ਹੈ ਕਿ ਉਸ ਦੀਪਾਰਲੀਮੈਂਟ ਮੈਂਬਰ ਭੈਣ ਪ੍ਰਤਿਮਾ ਮੁੰਡੇ ਨੂੰ ਮੰਤਰੀ ਨਾ ਬਣਾਏ ਜਾਣ ਕਾਰਨ ਉਹ ਨਾਰਾਜ਼ ਹੈ।

# ਸਿਰਸੇ ਵਿੱਚ ਕਿਸਾਨਾਂ ਵੱਲੋਂ ਭਾਜਪਾ ਆਗੂਆਂ ਦਾ ਜ਼ੋਰਦਾਰ ਵਿਰੋਧ

## * ਬੈਰੀਕੇਡ ਤੇ ਕੰਧਾਂ ਟੱਪ ਕੇ ਕਿਸਾਨ ਯੂਨੀਵਰਸਿਟੀ ਵਿੱਚ ਜਾ ਵੜੇ

ਸਿਰਸਾ, 12 ਜੁਲਾਈ (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਰਣਵੀਰ ਸਿੰਘ ਗੰਗਵਾ ਅਤੇ ਸਿਰਸਾ ਹਲਕੇ ਦੀਪਾਰਲੀਮੈਂਟ ਮੈਂਬਰ ਸੁਨੀਤਾ ਦੁੱਗਲ ਨੂੰ ਕਾਲੇ ਝੰਡੇ ਦਿਖਾਉਣ ਦੀ ਕੋਸ਼ਿਸ਼ ਕਰਦੇ ਕਈ ਕਿਸਾਨਪੁਲਸ ਨੇ ਹਿਰਾਸਤ ਵਿੱਚ ਲਏ ਹਨ। ਉਹ ਪੁਲਸ ਵੱਲੋਂ ਲਾਏ ਬੈਰੀਕੇਡ ਤੋੜ ਕੇ ਅਤੇ ਕੰਧਾਂ ਟੱਪ ਕੇ ਯੂਨੀਵਰਸਿਟੀ ਵਿੱਚ ਦਾਖ਼ਲ ਹੋਏ ਅਤੇ ਭਾਜਪਾ ਆਗੂਆਂ ਤੇ ਕਾਰਕੁੰਨਾਂ ਨੂੰ ਕਾਲੇ ਝੰਡੇ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਪੁਲਸ ਵੱਲੋਂ ਕਿਸਾਨਾਂ ਉੱਤੇ ਲਾਠੀਚਾਰਜ ਅਤੇ ਖਿੱਚ ਧੂਹ ਦੌਰਾਨ ਕਈ ਕਿਸਾਨਾਂ ਦੀਆਂ ਦਸਤਾਰਾਂ ਲੱਥ ਗਈਆਂ ਤੇ ਸੱਟਾਂ ਲੱਗੀਆਂ।

ਪਤਾ ਲੱਗਾ ਹੈ ਕਿ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਵਿੱਚ ਭਾਜਪਾ ਕਾਰਕੁੰਨਾਂ ਦੀ ਮੀਟਿੰਗ ਨੂੰ ਡਿਪਟੀ ਸਪੀਕਰ ਰਣਵੀਰ ਸਿੰਘ ਗੰਗਵਾ ਤੇ ਪਾਰਲੀਮੈਂਟ ਮੈਂਬਰ ਸੁਨੀਤਾ ਦੁੱਗਲ ਸੰਬੋਧਨ ਕਰ ਰਹੇ ਸਨ ਤਾਂ ਇਸ ਦੀ ਭਿਣਕ ਕਿਸਾਨਾਂ ਨੂੰ ਲੱਗ ਗਈ। ਕਿਸਾਨ ਸੀਡੀਐਲਯੂ ਦੇ ਵੱਖ-ਵੱਖ ਗੇਟਾਂ ਉੱਤੇ ਕਾਲੇ ਝੰਡੇ ਲੈ ਕੇ ਆ ਗਏ। ਪੁਲਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਕੁਝ ਕਿਸਾਨ ਪੁਲਸ ਦੀਆਂ ਰੋਕਾਂ ਨੂੰ ਤੋੜ ਕੇ ਯੂਨੀਵਰਸਿਟੀ ਵਿੱਚ ਦਾਖ਼ਲ ਹੋ ਗਏ, ਜਿਨ੍ਹਾਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਕਿਸਾਨਾਂ ਨੂੰ ਰਿਹਾਅ ਕਰਨ ਦੀ ਮੰਗ ਲਈ ਕਿਸਾਨਾਂ ਨੇ ਯੂਨੀਵਰਸਿਟੀ ਗੇਟ ਦੇ ਬਾਹਰ ਧਰਨਾ




ਸ਼ੁਰੂ ਕਰ ਦਿੱਤਾ, ਜਿੱਥੇ ਕਿਸਾਨਾਂ ਨੇ ਟੈਂਟ ਲਾਇਆ ਤਾਂਪੁਲਸ ਨੇ ਪੁੱਟ ਦਿੱਤਾ। ਇਸ ਦੌਰਾਨ ਕਿਸਾਨ ਆਗੂ ਰੋਸ਼ਨ ਸੁਚਾਨ ਅਤੇ ਹੋਰਨਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਫ਼ੈਸਲੇ ਮੁਤਾਬਕ ਭਾਜਪਾ ਤੇ ਜਨਨਾਇਕ ਜਨਤਾ ਪਾਰਟੀ ਦਾ ਸ਼ਾਂਤੀਪੂਰਨ ਵਿਰੋਧ ਕਰਦੇ ਕਿਸਾਨਾਂ ਨੂੰ ਗ੍ਰਿਫਤਾਰ ਕਰ ਕੇ ਪੁਲਸ ਨੇ ਜ਼ਖ਼ਮਾਂ ਉੱਤੇ ਲੂਣਧੂੜਨ ਦਾ ਕੰਮ ਕੀਤਾ ਹੈ। ਚੌਧਰੀ ਦੇਵੀ ਲਾਲ ਯੂਨੀਵਰਸਿਟੀ ਦੇ ਬਾਹਰ ਭਾਜਪਾ ਨੇਤਾਵਾਂ ਦਾ ਵਿਰੋਧ ਕਰਦੇ ਕਿਸਾਨਾਂ ਦੀ ਤਲਖੀ ਓਦੋਂ ਹੋਰ ਵਧ ਗਈ, ਜਦੋਂ ਮੀਟਿੰਗ ਖ਼ਤਮ ਕਰਨ ਪਿੱਛੋਂ ਭਾਜਪਾ ਆਗੂ ਅਤੇ ਕਾਰਕੁੰਨ ਯੂਨੀਵਰਸਿਟੀ ਤੋਂ ਬਾਹਰ ਆਉਣ ਲੱਗੇ ਅਤੇ ਕਿਸਾਨਾਂ ਨੇ ਉਨ੍ਹਾਂ ਨੂੰ ਕਾਲੇ ਝੰਡੇ ਦਿਖਾਉਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ਹਰਿਆਣਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਰਣਵੀਰ ਗੰਗਵਾ ਦੀ ਗੱਡੀ ਨਿਕਲੀ ਤਾਂ ਕਿਸੇ ਨੇ ਉਸ ਵੱਲ ਪੱਥਰ ਸੁੱਟਿਆ, ਜਿਸ ਨਾਲ ਗੱਡੀ ਦਾ ਸ਼ੀਸ਼ਾ ਟੁੱਟ ਗਿਆ। ਕਿਸਾਨਾਂ ਨੂੰ ਭਜਾਉਣ ਲਈ ਪੁਲਸ ਨੇ ਲਾਠੀਚਾਰਜ ਕਰ ਦਿੱਤਾ, ਜਿਸ ਨਾਲ ਕਈ ਕਿਸਾਨਾਂ ਦੇ ਸੱਟਾਂ ਲੱਗੀਆਂ।

# ਆਰ ਐੱਸ ਐੱਸ ਵਿੱਚ ਤਬਦੀਲੀ : ਅਰੁਣ ਕੁਮਾਰ ਭਾਜਪਾ ਨਾਲ ਤਾਲਮੇਲ ਦਾ ਕੰਮ ਦੇਖਣਗੇ

ਚਿਤਰਕੂਟ, 12 ਜੁਲਾਈ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਅਤੇ ਹੋਰਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਸ਼ਟਰੀ ਸਵੈਸੇਵਕ ਸੰਘ (ਆਰ ਐੱਸ ਐੱਸ) ਵਿੱਚ ਕੁਝ ਅਹਿਮ ਬਦਲਾਅ ਕੀਤੇ ਗਏ ਹਨ।

ਚਿਤਰਕੂਟ ਵਿੱਚ ਚੱਲ ਰਹੀ ਆਰ ਐੱਸ ਐੱਸ ਦੀ ਬੈਠਕ ਵਿੱਚ ਲਏ ਫੈਸਲੇ ਮੁਤਾਬਕ ਅਰੁਣ ਕੁਮਾਰ ਨੂੰ ਭਾਰਤੀ ਜਨਤਾ ਪਾਰਟੀ ਨਾਲ ਤਾਲਮੇਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਅਤੇ ਰਾਜਨੀਤਕ ਮਾਮਲੇ ਵੀ ਉਹੀ ਦੇਖਣਗੇ। ਉਹ ਕ੍ਰਿਸ਼ਨ ਗੋਪਾਲ ਦੀ ਥਾਂ



ਲੈਣਗੇ, ਜੋ 2014 ਤੋਂ ਇਹ ਕੰਮ ਦੇਖ ਰਹੇ ਸਨ। ਕ੍ਰਿਸ਼ਨ ਗੋਪਾਲ ਇਸ ਪਿੱਛੋਂ ਵਿਦਿਆ ਭਾਰਤੀ ਦਾ ਕੰਮ ਦੇਖਣਗੇ। ਇਸ ਤੋਂ ਪਹਿਲਾਂ ਉਹ ਆਰ ਐੱਸ ਐੱਸ ਦੇ ਅਖਿਲ ਭਾਰਤੀ ਪ੍ਰਚਾਰ ਪ੍ਰਮੁੱਖ ਰਹੇ ਹਨ ਅਤੇ ਜੰਮੂ-ਕਸ਼ਮੀਰ ਵਿੱਚ ਵੀ ਕੰਮ ਕਰ ਚੁੱਕੇ ਹਨ। ਅਗਲੇ ਸਾਲ ਦੇ ਸ਼ੁਰੂ ਵਿੱਚ ਉਤਰ ਪ੍ਰਦੇਸ਼ ਸਮੇਤ ਪੰਜ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਕਾਰਨ ਅਰੁਣ ਕੁਮਾਰ ਨੂੰ ਦਿੱਤੀ ਗਈ ਜ਼ਿੰਮੇਵਾਰੀ ਕਾਫੀ ਅਹਿਮ ਮੰਨੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਕ੍ਰਿਸ਼ਨ ਗੋਪਾਲ ਨੂੰ ਸਿਹਤ ਦੇ ਕਾਰਨਾਂ ਕਰ ਕੇ ਹਟਾਇਆ ਹੈ। ਆਰ ਐੱਸ ਐੱਸ ਵੱਲੋਂ ਭਇਆਜੀ ਜੋਸ਼ੀ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਕੰਮ ਦੇਖਣਗੇ। ਇਹ ਡਿਊਟੀ ਉਨ੍ਹਾਂ ਕੋਲ ਪਹਿਲਾਂ ਤੋਂ ਹੀ ਹੈ।

# ਟਵਿੱਟਰ ਨੇ ਹਾਰ ਮੰਨੀ: ਭਾਰਤ ਵਿੱਚ ਵਿਨੇ ਪ੍ਰਕਾਸ਼ ਨੂੰ ਸ਼ਿਕਾਇਤ ਅਧਿਕਾਰੀ ਨਿਯੁਕਤ ਕੀਤਾ

ਨਵੀਂ ਦਿੱਲੀ, 12 ਜੁਲਾਈ (ਪੋਸਟ ਬਿਊਰੋ)- ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਨੇ ਵਿਜੇ ਪ੍ਰਕਾਸ਼ ਨੂੰ ਭਾਰਤ ਲਈ ਸ਼ਿਕਾਇਤ ਅਧਿਕਾਰੀ ਨਿਯੁਕਤ ਕੀਤਾ ਹੈ। ਕੰਪਨੀ ਦੀ ਵੈਬਸਾਈਟ ਉੱਤੇ ਇਹ ਸੂਚਨਾ ਪਾਈ ਗਈ ਹੈ।

ਵਰਨਣ ਯੋਗ ਹੈ ਕਿ ਭਾਰਤ ਵਿੱਚ ਨਵੇਂ ਸੂਚਨਾ ਤਕਨਾਲੋਜੀ (ਆਈ ਟੀ) ਨਿਯਮਾਂ ਦੀ ਪਾਲਣਾ ਕਰਨਤੋਂ ਬਚਣ ਕਾਰਨ ਟਵਿੱਟਰ ਲਗਾਤਾਰ ਵਿਵਾਦਾਂ ਵਿੱਚ ਫਸੀ ਸੀ। ਨਵੇਂ ਆਈ ਟੀ ਨਿਯਮਾਂ ਹੇਠ 50 ਲੱਖ ਤੋਂ ਵੱਧ ਯੂਜ਼ਰਜ਼ ਵਾਲੀਆਂ ਸੋਸ਼ਲ ਮੀਡੀਆ ਕੰਪਨੀਆਂ ਨੇ ਤਿੰਨ ਮਹੱਤਵਪੂਰਨ ਨਿਯੁਕਤੀਆਂ: ਮੁੱਖ ਪਾਲਣਾ ਅਧਿਕਾਰੀ, ਨੋਡਲ



ਅਧਿਕਾਰੀ ਅਤੇ ਸ਼ਿਕਾਇਤ ਅਧਿਕਾਰੀ ਦੀ ਨਿਯੁਕਤੀ ਕਰਨੀ ਹੈ। ਇਹ ਤਿੰਨ ਅਧਿਕਾਰੀ ਭਾਰਤੀ ਨਾਗਰਿਕ ਚਾਹੀਦੇ ਹਨ। ਟਵਿੱਟਰ ਦੀ ਵੈਬਸਾਈਟ ਉੱਤੇ ਪਾਈ ਸੂਚਨਾ ਅਨੁਸਾਰ ਵਿਨੇ ਪ੍ਰਕਾਸ਼ ਕੰਪਨੀ ਦੇ ਨਿਵਾਸੀ ਸ਼ਿਕਾਇਤ ਅਧਿਕਾਰੀ (ਆਰ ਜੀ ਓ) ਹਨ। ਯੂਜ਼ਰਜ਼ ਪੇਜ ਉੱਤੇ ਦਿੱਤੀ ਗਈ ਵੈਬਸਾਈਟ ਰਾਹੀਂ ਉਨ੍ਹਾਂ ਦੇ ਨਾਲ ਸੰਪਰਕ ਕਰ ਸਕਦੇ ਹਨ। ਵਿਨੇ ਪ੍ਰਕਾਸ਼ ਦਾ ਨਾਮ ਕੰਪਨੀ ਦੇ ਗਲੋਬਲ ਕਾਨੂੰਨ ਨੀਤੀ ਡਾਇਰੈਕਟਰ ਜੇਰਮੀ ਕੇਸਲ ਨਾਲ ਪਾਇਆ ਗਿਆ ਹੈ। ਕੇਸਲ ਅਮਰੀਕਾ ਵਿੱਚ ਹਨ। ਕੰਪਨੀ ਨੇ 26 ਮਈ 2021 ਤੋਂ 25 ਜੂਨ 2021 ਤੱਕ ਦੀ ਆਪਣੀ ਪਾਲਣਾ ਰਿਪੋਰਟ ਵੀ ਛਾਪੀ ਹੈ। 26 ਮਈ ਤੋਂ ਲਾਗੂ ਹੋਏ ਨਵੇਂ ਆਈ ਟੀ ਨਿਯਮਾਂ ਹੇਠ ਇਹ ਵੀ ਛਾਪਣਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਟਵਿੱਟਰ ਨੇ ਆਈ ਟੀ ਨਿਯਮਾਂ ਹੇਠ ਧਰਮੇਂਦਰ ਚਤੂਰ ਨੂੰ ਭਾਰਤ ਲਈ ਆਪਣਾ ਆਰਜੀ ਤੌਰ ’ਤੇ ਨਿਵਾਸੀ ਸ਼ਿਕਾਇਤ ਅਧਿਕਾਰੀ ਨਿਯੁਕਤ ਕੀਤਾ ਸੀ। ਚਤੂਰ ਨੇ ਪਿਛਲੇ ਮਹੀਨੇ ਅਸਤੀਫ਼ਾ ਦੇ ਦਿੱਤਾ ਸੀ। ਟਵਿੱਟਰ ਦੇ ਭਾਰਤ ਵਿੱਚ ਕਰੀਬ 1.75 ਕਰੋੜ ਯੂਜ਼ਰਜ਼ ਹਨ।

# ਤਾਲਿਬਾਨ ਦੀ ਚੜ੍ਹਤ ਕਾਰਨ ਭਾਰਤ ਨੇ ਕੰਧਾਰ ਤੋਂ ਦੂਤਘਰ ਦਾ ਅਮਲਾ ਵਾਪਸ ਸੱਦਿਆ



ਨਵੀਂ ਦਿੱਲੀ, 12 ਜੁਲਾਈ (ਪੋਸਟ ਬਿਊਰੋ)- ਭਾਰਤ ਨੇ ਅਫਗਾਨਿਸਤਾਨ ਦੇ ਕੰਧਾਰ ਵਾਲੇ ਆਪਣੇ ਦੂਤਘਰ ਦੇ ਪੰਜਾਹ ਕੂਟਨੀਤਕਾਂ ਤੇ ਸੁਰੱਖਿਆ ਮੁਲਾਜ਼ਮਾਂ ਨੂੰ ਵਾਪਸ ਸੱਦ ਲਿਆ ਹੈ। ਇਹ ਕਦਮ ਵਿਗੜਦੀ ਸੁਰੱਖਿਆ ਸਥਿਤੀ ਹੇਠ ਚੁੱਕਿਆ ਗਿਆ ਹੈ। ਦੱਖਣੀ ਅਫਗਾਨਿਸਤਾਨ ਦੇ ਇਸ ਸ਼ਹਿਰ ਨੇੜੇ ਉੱਤੇ ਤਾਲਿਬਾਨ ਦਾ ਕਬਜ਼ਾ ਵਧ ਰਿਹਾ ਹੈ।

ਪਤਾ ਲੱਗਾ ਹੈ ਕਿ ਭਾਰਤੀ ਹਵਾਈ ਫੌਜ ਦਾ ਇੱਕ ਵਿਸ਼ੇਸ਼ ਜਹਾਜ਼ ਬੀਤੇ ਸ਼ਨੀਵਾਰ ਭਾਰਤੀ ਕੂਟਨੀਤਕਾਂ ਨੂੰ ਲਿਆਉਣ ਲਈ ਭੇਜਿਆ ਗਿਆ ਸੀ। ਇਸ ਰਾਹੀਂ ਅਧਿਕਾਰੀ ਤੇ ਹੋਰ ਸਟਾਫ ਮੈਂਬਰ ਵੀ ਪਰਤੇ ਹਨ। ਇਨ੍ਹਾਂ ਵਿੱਚ ਆਈ ਟੀ ਬੀ ਪੀ (ਇੰਡੋ ਤਿਬਤਨ ਬਾਰਡਰ ਪੁਲਸ) ਦੇ ਜਵਾਨ ਵੀ ਸ਼ਾਮਲ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਦੇ ਮੁਲਾਜ਼ਮਾਂ ਨੂੰ ਹਾਲ ਦੀ ਘੜੀ ਵਾਪਸ ਲਿਆਂਦਾ ਗਿਆ ਹੈ, ਕਿਉਂਕਿ ਕੰਧਾਰ ਸ਼ਹਿਰ ਨੇੜੇ ਜ਼ੋਰਦਾਰ ਲੜਾਈ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਵਕਤੀ ਤੌਰ ਉੱਤੇ ਚੁੱਕਿਆ ਹੈ ਤੇ ਦੂਤਘਰ ਸਥਾਨਕ ਸਟਾਫ ਮੈਂਬਰਾਂ ਨਾਲ ਕੰਮ ਕਰੇਗਾ। ਬੁਲਾਰੇ ਨੇ ਕਿਹਾ ਕਿ ਅਹਿਮ ਭਾਈਵਾਲ ਵਜੋਂ ਭਾਰਤ ਸ਼ਾਂਤੀਪੂਰਨ, ਆਜ਼ਾਦ ਤੇ ਲੋਕਤੰਤਰੀ ਅਫਗਾਨਿਸਤਾਨ ਲਈ ਵਚਨਬੱਧ ਹੈ। ਵਰਨਣ ਯੋਗ ਹੈ ਕਿ ਭਾਰਤ ਵੱਲੋਂ ਆਪਣੇ ਦੂਤਘਰ ਦੇ ਸਟਾਫ ਨੂੰ ਸੁਰੱਖਿਆ ਲਈ ਉਚ ਪੱਧਰ ਉੱਤੇ ਖਤਰਾ ਬਣਨ ਤੋਂ ਬਾਅਦ ਵਾਪਸ ਸੱਦਿਆ ਗਿਆ ਹੈ। ਬੀਤੇ ਮੰਗਲਵਾਰ ਨੂੰ ਕਾਬੁਲ ਵਿਚਲੇ ਭਾਰਤੀ ਦੂਤਘਰ ਨੇ ਕਿਹਾ ਸੀ ਕਿ ਕੰਧਾਰ ਅਤੇ ਮਜ਼ਾਰ-ਏ-ਸ਼ਰੀਫ ਵਿੱਚ ਦੂਤਘਰ ਬੰਦ ਕਰਨ ਦੀ ਕੋਈ ਯੋਜਨਾ ਨਹੀਂ। ਦੋ ਦਿਨ ਪਹਿਲਾਂ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਭਾਰਤ ਅਫਗਾਨਿਸਤਾਨ ਵਿਚਲੀ ਸਥਿਤੀ ਨੂੰ ਨੇੜਿਓਂ ਵੇਖ ਰਿਹਾ ਹੈ, ਭਾਰਤੀ ਨਾਗਰਿਕਾਂ ਦੀ ਸੁਰੱਖਿਆ ਦੇ ਲਿਹਾਜ਼ ਨਾਲ ਫੈਸਲਾ ਲਿਆ ਜਾਵੇਗਾ।

ਅਫਗਾਨਿਸਤਾਨ ਵਿੱਚ ਪਿਛਲੇ ਕੁਝ ਹਫਤਿਆਂ ਦੌਰਾਨ ਲੜੀਵਾਰ ਅੱਤਵਾਦੀ ਹਮਲੇ ਹੋਏ ਹਨ। ਅਮਰੀਕਾ ਲੰਮੇ ਸਮੇਂ ਬਾਅਦ ਆਪਣੀ ਫੌਜ ਅਫਗਾਨਿਸਤਾਨ ਵਿੱਚੋਂ ਕੱਢ ਰਿਹਾ ਹੈ ਤੇ ਅਗਸਤ ਤਕ ਇਸ ਕਾਰਵਾਈ ਨੂੰ ਮੁਕੰਮਲ ਕੀਤਾ ਜਾਵੇਗਾ।ਰਿਪੋਰਟਾਂ ਮੁਤਾਬਕ ਵਧੀ ਹਿੰਸਾ ਦੇ ਕਾਰਨ ਬਲਖ ਸੂਬੇ ਦੇ ਮਜ਼ਾਰ-ਏ-ਸ਼ਰੀਫ ਵਿੱਚ ਦੋ ਵਿਦੇਸ਼ੀ ਦੂਤਘਰ ਬੰਦ ਹੋ ਚੁੱਕੇ ਹਨ। ਭਾਰਤੀ ਦੂਤਘਰ ਨੇ ਅਫਗਾਨਿਸਤਾਨ ਵਿੱਚ ਰਹਿੰਦੇ, ਉਥੇ ਚੱਲੇ ਤੇ ਕੰਮ ਕਰਦੇ ਸਾਰੇ ਭਾਰਤੀ ਨਾਗਰਿਕਾਂ ਨੂੰ ਵੱਧ ਤੋਂ ਵੱਧ ਸਾਵਧਾਨੀ ਵਰਤਣ ਨੂੰ ਕਿਹਾ ਹੈ। ਦੂਤਘਰ ਨੇ ਕਿਹਾ ਹੈ ਕਿ ਸਥਿਤੀ ਖਤਰਨਾਕ ਹੈ ਤੇ ਦਹਿਸ਼ਤਗਰਦ ਆਮ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

# ਇਮਰਾਨ ਖਾਨ ਦੇ ਭਤੀਜੇ ਉਤੇ ਹੱਤਿਆ ਦਾ ਦੋਸ਼

ਲਾਹੌਰ, 12 ਜੁਲਾਈ (ਪੋਸਟ ਬਿਊਰੋ)- ਬਲੋਚ ਨੇਤਾ ਅਕਬਰ ਬੁਗਤੀ ਦੀ ਵਿਧਵਾ ਸ਼ਹਿਜ਼ਾਦੀ ਨਰਗਿਸ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਭਤੀਜੇ ਤੇ ਵਕੀਲ ਹਸਨ ਨਿਆਜ਼ੀ ਤੇ ਚਾਰ ਹੋਰ ਅਣਪਛਾਤੇ ਲੋਕਾਂ ਖਿਲਾਫ ਹੱਤਿਆ ਦੇ ਯਤਨ ਸਮੇਤ ਕਈ ਦੋਸ਼ਾਂ ਵਿੱਚਸ਼ਿਕਾਇਤ ਦਰਜ ਕਰਵਾਈ ਹੈ। ਪਾਕਿਸਤਾਨ ਦੀ ਅਖਬਾਰ ਡਾਨ ਦੀ ਰਿਪੋਰਟ ਮੁਤਾਬਕ ਹਸਨ ਨਿਆਜ਼ੀ ਤੇ ਉਸ ਦੇ ਸਾਥੀਆਂ ਨੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਉਨ੍ਹਾਂ ਦੇ ਵਕੀਲ ਦੀ ਮੌਜੂਦਗੀ ਵਿੱਚ ਅਪਸ਼ਬਦ ਕਹੇ ਤੇ ਫਿਰ ਉਨ੍ਹਾਂ ਨੂੰ ਜਾਨੋਂ ਮਾਰਨ ਦੇ ਇਰਾਦੇ ਨਾਲ ਉਨ੍ਹਾਂ ਦਾ ਗਲਾ ਦਬਾਉਣ ਦੀ ਕੋਸ਼ਿਸ਼ ਕੀਤੀ। ਨਰਗਿਸ ਲਾਹੌਰ ਦੀ ਐਫ ਆਈ ਏ ਅਦਾਲਤ ਵਿੱਚ ਉਨ੍ਹਾਂ ਦੇ ਖਿਲਾਫ ਦਾਇਰ ਇੱਕ ਫਰਜ਼ੀ ਮਾਮਲੇ ਵਿੱਚ ਜ਼ਮਾਨਤ ਲਈ ਪੇਸ਼ ਹੋਈ ਸੀ। ਡਾਨ ਮੁਤਾਬਕ ਸ਼ਿਕਾਇਤਕਰਤਾ



ਨੇ ਦੱਸਿਆ ਕਿ ਉਨ੍ਹਾਂ ਦੇ ਵਕੀਲਾਂ ਦੇ ਦਖਲ ਨਾਲ ਹਸਨ ਨਿਆਜ਼ੀ ਅਤੇ ਉਨ੍ਹਾਂ ਦੇ ਸਾਥੀਆਂ ਸਮੇਤ ਹਮਲਾਵਰਾਂ ਦਾ ਅਦਾਲਤ ਕੰਪਲੈਕਸ ਵਿੱਚ ਸ਼ੋਸ਼ਣ ਕੀਤਾ ਗਿਆ। ਵਰਨਣ ਯੋਗ ਹੈ ਕਿ 26 ਅਗਸਤ 2006 ਨੂੰ ਬਲੋਚ ਰਾਸ਼ਟਰ-ਪਿਤਾ ਐਲਾਨੇ ਅਕਬਰ ਬੁਗਤੀ ਨੇ ਕੋਹਲੂ ਵਿੱਚ ਫੌਜੀ ਮੁਹਿੰਮ ਚਲਾਈ ਸੀ।

ਇਸ ਦੌਰਾਨ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ-ਐਨ) ਦੀ ਉਪ ਪ੍ਰਧਾਨ ਮਰੀਅਮ ਨਵਾਜ਼ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਕੁਸ਼ਾਸਨ ਲਈ ਝਾੜ ਪਾਉਂਦੇ ਹੋਏ ਕਿਹਾ ਕਿ ਉਨ੍ਹਾਂ ਦਾ ਚੋਣ ਨਿਸ਼ਾਨ ਹੁਣ ਕ੍ਰਿਕਟ ਬੈਟ ਦੀ ਜਗ੍ਹਾ ਚੋਰ ਹੋਣਾ ਚਾਹੀਦਾ ਹੈ। ਪੀ ਐਮ ਐਲ-ਐਨ ਦੇ ਨੇਤਾ ਨੇ ਕਿਹਾ ਕਿ 2018 ਵਿੱਚ ਇਮਰਾਨ ਖਾਨ ਨੇ ਕ੍ਰਿਕਟ ਬੈਟ ਨਾਲ ‘ਸਟੋਲ ਦ ਇਲੈਕਸ਼ਨ’(ਵੋਟਾਂ ਚੁਰਾ ਲਈਆਂ) ਕਰ ਲਿਆ ਸੀ। ਪਾਕਿਸਤਾਨ ਦੀ ਵਿਰੋਧੀ ਧਿਰ ਦੇ ਨੇਤਾ ਸ਼ਹਿਬਾਜ਼ ਸ਼ਰੀਫ ਨੇ ਫੈਡਰਲ ਜਾਂਚ ਏਜੰਸੀ (ਐਫ ਆਈ ਏ) ਉਤੇ ਮਨੀ ਲਾਂਡਰਿੰਗ ਕੇਸ ਵਿੱਚ ਉਨ੍ਹਾਂ ਖਿਲਾਫ ਜਾਰੀ ਜਾਂਚ ਵਿੱਚ ਸ਼ੋਸ਼ਣ ਕੀਤੇ ਜਾਣ ਦਾ ਦੋਸ਼ ਲਾਇਆ ਹੈ।

## Canada’s largest multicultural festival celebrates its 36th anniversary this year with our first ever, Drive-In Festival of Cultures!!

Canada’s largest multicultural festival celebrates its 36th anniversary this year with our first ever, Drive-In Festival of Cultures!!

Join us live in the comfort of your own car as we showcase live performance acts from local cultural groups and national recording artists. We have a tremendous lineup of performing arts including Juno award winner Liberty Silver, Mississauga’s Rock n’ Roll sensation The Dreamboats, Toronto’s legendary Kings of Soul the St. Royals and Canadian recording artist with the hit “2 Heads”, Coleman Hell.

The safety and wellbeing of our visitors and performers is our top priority. Protocols and safety procedures are in place to address the ongoing restrictions and limit the spread of Covid-19.

Carassauga Drive-In Festival of Cultures takes place August 20th, 21st and 22nd. Featuring 5 shows, 20 dance and musical performances, and food trucks on-site. What better way to showcase our cultures than by celebrating together with food and entertainment.

Follow us on Facebook, Instagram and Twitter @Carassauga, along with our website Carassauga.com for more details leading up to Carassauga’s, first ever, Drive-in Festival of Cultures experience.




# 300 ਬ੍ਰਿਟਿਸ਼ ਲੋਕਾਂ ਦਾ ਏਲੀਅਨਜ਼ ਨਾਲ ਸਰੀਰਕ ਸੰਬੰਧ ਬਣਾਏ ਹੋਣ ਦਾ ਦਾਅਵਾ

ਲੰਡਨ, 12 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਸੈਂਕੜੇ ਲੋਕਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਦੂਜੇ ਗ੍ਰਹਿਆਂ ਦੇ ਪ੍ਰਾਣੀਆਂ ਏਲੀਅਨਜ਼ ਨਾਲ ਸਰੀਰਕ ਸੰਬੰਧ ਬਣਾਏ ਹਨ। ਇਨ੍ਹਾਂ ਲੋਕਾਂ ਦੀ ਗੱਲ ਆਮ ਤੌਰ ਉਤੇ ਤਾਂ ਵਿਸ਼ਵਾਸ ਦੇ ਲਾਇਕ ਨਹੀਂ ਹੈ, ਪਰ ਉਨ੍ਹਾਂ ਦੇ ਦਾਅਵੇ ਤੋਂ ਬਾਅਦ ਹੰਗਾਮਾ ਮਚਿਆ ਹੋਇਆ ਹੈ।

ਇੱਕ ਤਾਜ਼ਾ ਸਰਵੇ ਵਿੱਚ ਲੱਗਭਗ 300 ਬ੍ਰਿਟਿਸ਼ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਹਰ ਰੰਗ ਦੇ ਛੋਟੇ ਆਕਾਰ ਵਾਲੇ ਮਰਦਾਂ ਅਤੇ ਔਰਤਾਂ ਨਾਲ ਸਰੀਰਕ ਸੰਬੰਧ ਬਣਾਏ ਹਨ। ਸਰਵੇ ਕਰਨ ਵਾਲੀ ਵੈਬਸਾਈਟ ‘ਬਜਬਿੰਗੋ ਡਾਟ ਕਾਮ’ ਦੇ ਡੇਵਿਡ ਅਬ੍ਰਾਮਸ ਨੇ ਕਿਹਾ ਕਿ ਲੋਕਾਂ ਦੀ ਫੀਡਬੈਕ ਤੋਂ ਪਤਾ ਲੱਗਾ ਹੈ ਕਿ ਜਿਨ੍ਹਾਂ ਨਾਲ ਇਨ੍ਹਾਂ ਲੋਕਾਂ ਨੇ ਰੋਮਾਂਸ ਕੀਤਾ ਹੈ, ਉਹ ਦੂਜੇ ਗ੍ਰਹਿਆਂ ਦੇ ਪ੍ਰਾਣੀ ਸਨ। ਇਸ ਵੈਬਸਾਈਟ ਉਤੇ ਏਲੀਅਨਜ਼ ਨਾਲ ਸੰਬੰਧ ਹੋਣ ਦਾ ਦਾਅਵਾ ਕਰਨ ਵਾਲੇ ਵਧੇਰੇ ਲੋਕ ਇੰਗਲੈਂਡ ਦੀ ਨਾਰਫਾਕ ਕਾਊਂਟੀ ਦੇ ਯੂ ਐਫ ਓ ਹਾਟ ਸਪਾਟ ਕਹੇ ਜਾਣ ਵਾਲੇ ਨਾਰਵਿਚ ਦੇ ਰਹਿਣ ਵਾਲੇ ਹਨ। ਇਹ ਸ਼ਹਿਰ ਬੀਤੇ ਕੁੱਝ ਮਹੀਨਿਆਂ ਵਿੱਚ ਹੈਰਾਨੀਜਨਕ ਸਰਗਰਮੀਆਂ ਲਈ ਸੁਰਖੀਆਂ ਵਿੱਚ ਰਿਹਾ ਹੈ।ਇਸ ਸੂਚੀ ਵਿੱਚ ਸ਼ਾਮਲ 23 ਫ਼ੀਸਦੀ ਲੋਕ ਬ੍ਰਿਸਟਲ ਦੇ ਵਾਸੀ ਹਨ। ਤੀਜੇ ਸਥਾਨ ਉਤੇ ਲੀਵਰਪੂਲ ਦੇ ਲੋਕ ਸਨ, ਜਿਨ੍ਹਾਂ ਦੀ ਗਿਣਤੀ 22 ਫ਼ੀਸਦੀ ਦੇ ਨੇੜੇ ਦੱਸੀ ਗਈ ਹੈ। ਸਰਵੇ ਕਰਨ ਵਾਲੇ ਡੇਵਿਡ ਅਬ੍ਰਾਮਸ ਨੇ ਕਿਹਾ ਕਿ ਅਸੀਂ ਇਹ ਦੇਖ ਕੇ ਹੈਰਾਨ ਹੋ ਗਏ ਕਿ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਖੁਦ ਦੇ ਏਲੀਅਨਜ਼ ਨਾਲ ਸੰਬੰਧਾਂ ਦੀ ਗੱਲ ਕਬੂਲੀ ਹੈ। ਸਾਨੂੰ ਇਹ ਵੀ ਅੰਦਾਜ਼ਾ ਨਹੀਂ ਸੀ ਕਿ ਇਨ੍ਹਾਂ ਵਿੱਚੋਂ ਨਾਰਵਿਚ ਅਤੇ ਬ੍ਰਿਸਟਲ ਵਰਗੇ ਸ਼ਹਿਰਾਂ ਵਿੱਚੋਂ ਸਭ ਤੋਂ ਵੱਧ ਲੋਕ ਸ਼ਾਮਲ ਹੋਣਗੇ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDERCHHINA
BROKER
647.293.2327



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਨੂੰਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com, Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ
MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
ਸੰਪਰਕ: 6477043799, 6477059736

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

